ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995824531/

Awaze Qaum (ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 28 ਸਤੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੧੩ ਅੱਸੂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਅੰਮ੍ਰਿਤਸਰ ਪਹੁੰਚੇ ਸੁਖਬੀਰ ਬਾਦਲ ਦੇ ਕਾਫਿਲੇ ਦਾ ਹੋਇਆ ਐਕਸੀਡੈਂਟ




**ਅਜਨਾਲਾ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਜਨਾਲਾ ਵਿੱਚ ਡੀਐਸਪੀ ਦੀ ਥਾਰ ਗੱਡੀ, ਜੋ ਸੁਖਬੀਰ ਬਾਦਲ ਦੇ ਕਾਫਲੇ ਦੇ ਨਾਲ ਜਾ ਰਹੀ ਸੀ ਇੱਕ ਬੱਸ ਨਾਲ ਟਕਰਾ ਗਈ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਸੁਖਬੀਰ ਬਾਦਲ ਰਾਹਤ ਸਮੱਗਰੀ ਵੰਡਣ ਲਈ ਪਹੁੰਚੇ ਸਨ। ਇਹ ਘਟਨਾ ਵਿਛੋਹਾ ਪਿੰਡ ਵਿੱਚ ਵਾਪਰੀ। ਇਸ ਦੌਰਾਨ ਕਾਫਿਲੇ ਵਿੱਚ ਚੱਲ ਰਹੀ ਡੀਐਸਪੀ ਦੀ ਥਾਰ ਗੱਡੀ ਬੱਸ ਨਾਲ ਟਕਰਾ ਗਈ। ਇਸ ਦੇ ਚੱਲਦੇ ਕਾਰ ਅੱਗੇ ਚੱਲ ਰਹੀ ਫਾਰਚੂਨਰ ਕਾਰ ਵਿੱਚ ਟਕਰਾ ਗਈ। ਸਾਰੇ ਲੋਕ ਬਾਹਰ ਨਿਕਲੇ ਅਤੇ ਲੋਕਾਂ ਨੂੰ ਬਚਾਉਣ ਲਈ ਹਾਦਸਾਗ੍ਰਸਤ ਕਾਰਾਂ ਅਤੇ ਬੱਸ ਵੱਲ ਭੱਜੇ। ਇਸ ਦੌਰਾਨ, ਸੜਕ ਜਾਮ ਹੋ ਗਈ। ਸਥਾਨਕ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਘਟਨਾ ਦੀ ਜਾਂਚ ਕੀਤੀ।

## ਮੇਰਾ ਪਰਿਵਾਰ ਅਮਰੀਕਾ 'ਚ ਤੇ ਮੈਂ ਇੱਥੇ ਇਕੱਲੀ

# ਅਮਰੀਕਾ ਤੋਂ ਡਿਪੋਰਟ ਹੋਈ ਹਰਜੀਤ ਕੌਰ ਨੇ ਦੱਸਿਆ ਆਪਣਾ ਦਰਦ

**ਚੰਡੀਗੜ੍ਹ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ ਤੋਂ ਦੇਸ਼ ਨਿਕਾਲਾ ਦੇਣ ਦਾ ਸਿਲਸਿਲਾ ਅਜੇ ਵੀ ਰੁਕਿਆ ਨਹੀਂ ਹੈ। ਇਸ ਸਾਲ ਫਰਵਰੀ ਵਿੱਚ, ਸੈਂਕੜੇ ਗੈਰ-ਕਾਨੂੰਨੀ ਪੰਜਾਬੀ ਪ੍ਰਵਾਸੀਆਂ ਨੂੰ ਅਮਰੀਕਾ ਤੋਂ ਭਾਰਤ ਡਿਪੋਰਟ ਕੀਤਾ ਗਿਆ ਸੀ। ਹੁਣ, ਅਮਰੀਕਾ ਦਾ ਇੱਕ ਹੋਰ ਸ਼ਰਮਨਾਕ ਕੰਮ ਸਾਹਮਣੇ ਆਇਆ ਹੈ, ਜਿਸ ਵਿੱਚ ਪੰਜਾਬ ਦੀ ਰਹਿਣ ਵਾਲੀ 73 ਸਾਲਾ ਹਰਜੀਤ ਕੌਰ ਨੂੰ 34 ਸਾਲਾਂ ਬਾਅਦ ਅਮਰੀਕਾ ਨੇ ਡਿਪੋਰਟ ਕਰ ਦਿੱਤਾ ਅਤੇ ਜੰਜ਼ੀਰਾਂ ਨਾਲ ਬੰਨ੍ਹ ਕੇ ਭਾਰਤ ਭੇਜ ਦਿੱਤਾ। ਭਾਰਤੀ ਪ੍ਰਵਾਸੀਆਂ ਦੇ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਨੇ ਇਸਨੂੰ ਬਹੁਤ ਹੀ ਜ਼ਾਲਮ, ਅਣਮਨੁੱਖੀ ਅਤੇ ਬੇਲੋੜਾ ਕਦਮ ਦੱਸਿਆ ਹੈ। ਇਸ ਦੇ ਵਿਰੋਧ ਵਿੱਚ, ਕੁਝ ਅਮਰੀਕੀ ਨੇਤਾਵਾਂ ਅਤੇ ਸੰਗਠਨਾਂ ਨੇ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ। ਪੰਜਾਬ 'ਚ ਆਪਣੇ ਭਰਾ ਕੋਲ ਪਹੁੰਚੇ ਹਰਜੀਤ ਕੌਰ ਨੇ ਆਪਣੇ ਨਾਲ ਹੋਈ ਤਸ਼ੱਦਦ ਸਬੰਧੀ ਬਿਆਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਗੰਭੀਰ ਬੀਮਾਰੀਆਂ ਹੁੰਦੇ ਹੋਏ ਵੀ ਦਵਾਈ ਨਹੀਂ ਦਿੱਤੀ ਗਈ। ਉੱਥੇ ਕੜਾਕੇ ਦੀ ਠੰਢ ਦੇ ਬਾਵਜੂਦ ਸਿਰਫ ਇੱਕ ਚੱਦਰ ਦਿੱਤੀ। ਉਨ੍ਹਾਂ ਨੇ ਸਿਰਫ ਚਿਪਸ ਤੇ ਸੈਂਡਵਿੱਚ ਨਾਲ ਆਪਣਾ ਗੁਜ਼ਾਰਾ ਕੀਤਾ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇੱਕ ਹਾਰਡਕੋਰ ਮੁਜ਼ਰਮ ਵਾਂਗ ਸਲੂਕ ਕੀਤਾ ਗਿਆ। ਹਰਜੀਤ ਕੌਰ 1992 ਵਿੱਚ ਆਪਣੇ ਦੋ ਪੁੱਤਰਾਂ ਨਾਲ ਇੱਕ ਸਿੰਗਲ ਮਾਂ ਦੇ ਰੂਪ ਵਿੱਚ ਅਮਰੀਕਾ ਆਈ ਸੀ। ਉਹ ਕੈਲੀਫੋਰਨੀਆ ਦੇ ਈਸਟ ਬੇਅ ਏਰੀਆ ਵਿੱਚ ਇੱਕ ਭਾਰਤੀ ਕੱਪੜਿਆਂ ਦੀ ਦੁਕਾਨ ਵਿੱਚ ਲੰਬੇ ਸਮੇਂ ਤੱਕ ਰਹਿੰਦੀ ਅਤੇ ਕੰਮ ਕਰਦੀ ਰਹੀ। ਉਸਦੀ ਪੋਤੀ, ਸੁਖਦੀਪ ਕੌਰ, ਨੇ ਉਸਨੂੰ ਇੱਕ ਨਿਰਸਵਾਰਥ ਅਤੇ ਮਿਹਨਤੀ ਔਰਤ ਦੱਸਿਆ, ਜੋ ਅਮਰੀਕਾ ਵਿੱਚ ਸਿੱਖ ਭਾਈਚਾਰੇ ਲਈ ਇੱਕ ਮਾਂ ਵਾਂਗ ਸੀ। ਹਰਜੀਤ ਕੌਰ ਨੇ ਕਈ ਵਾਰ ਅਮਰੀਕਾ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ ਹੈ। 2012 ਤੋਂ, ਹਰਜੀਤ ਕੌਰ ਸ਼ਰਣ ਦਾ ਦਰਜਾ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੀ ਹੈ। ਹਾਲਾਂਕਿ ਉਸਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ, ਉਹ ਹਰ ਛੇ ਮਹੀਨਿਆਂ ਬਾਅਦ ਸੈਨ ਫਰਾਂਸਿਸਕੋ ਇਮੀਗ੍ਰੇਸ਼ਨ ਦਫ਼ਤਰ ਵਿੱਚ ਰਿਪੋਰਟ ਕਰਦੀ ਰਹੀ। ਉਸਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਹ ਉਸਦੇ ਯਾਤਰਾ ਦਸਤਾਵੇਜ਼ਾਂ ਨੂੰ ਅੰਤਿਮ ਰੂਪ ਦੇਣ ਤੱਕ ਨਿਗਰਾਨੀ ਹੇਠ ਅਮਰੀਕਾ ਵਿੱਚ ਰਹਿ ਸਕਦੀ ਹੈ। ਹਾਲਾਂਕਿ, ਇੱਕ ਨਿਯਮਤ ਨਿਰੀਖਣ ਦੌਰਾਨ, ਆਈਸੀਈ ਅਧਿਕਾਰੀਆਂ ਨੇ ਅਚਾਨਕ ਉਸਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਸਨੂੰ ਬੇਕਰਸਫੀਲਡ ਤੋਂ ਲਾਸ ਏਂਜਲਸ, ਫਿਰ ਜਾਰਜੀਆ ਅਤੇ ਫਿਰ ਦਿੱਲੀ ਭੇਜ ਦਿੱਤਾ। ਕਾਬਿਲੇਗੌਰ ਹੈ ਕਿ ਹਰਜੀਤ ਕੌਰ ਨੂੰ 8 ਸਤੰਬਰ 2025 ਨੂੰ ਡਿਟੇਨ ਕੀਤਾ ਗਿਆ ਸੀ। ਉਨ੍ਹਾਂ ਨੂੰ ਸੈਨ ਫਰਾਂਸਿਸਕ 'ਚ ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਨੇ ਫੜਿਆ ਸੀ। ਹਿਰਾਸਤ 'ਚ ਲੈ ਕੇ ਬੇਕਰਸਫੀਲਡ ਦੇ ਮੇਸਾ ਫਰਡੇ ਜੇਲ੍ਹ 'ਚ ਭੇਜਿਆ ਸੀ। ਹਰਜੀਤ ਕੌਰ 30 ਸਾਲਾਂ ਤੋਂ ਵੱਧ ਸਮੇਂ ਤੋਂ ਈਸਟ ਬੇਅ, ਕੈਲੀਫੋਰਨੀਆ 'ਚ ਰਹਿ ਰਹੇ ਸਨ।






## ਗਾਇਕ ਰਾਜਵੀਰ ਜਵੰਦਾ ਭਿਆਨਕ ਹਾਦਸੇ ਦਾ ਸ਼ਿਕਾਰ; ਹਾਲਤ ਨਾਜ਼ੁਕ, ਸਿਰ 'ਤੇ ਲੱਗੀ ਗੰਭੀਰ ਸੱਟ




**ਚੰਡੀਗੜ੍ਹ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮਸ਼ਹੂਰ ਗਾਇਕ ਰਾਜਵੀਰ ਜਵੰਦਾ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਿਕ ਪੰਜਾਬੀ ਗਾਇਕ ਮੋਟਰਸਾਈਕਲ 'ਤੇ ਟਰੈਵਲ ਕਰਦੇ ਹੋਏ ਬੱਦੀ ਤੋਂ ਸ਼ਿਮਲਾ ਵੱਲ ਨੂੰ ਜਾ ਰਹੇ ਸੀ ਕਿ ਰਸਤੇ 'ਚ ਉਹ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਗਏ। ਦੱਸ ਦਈਏ ਕਿ ਪੰਜਾਬੀ ਗਾਇਕ ਰਾਜਵੀਰ ਜਵੰਦਾ ਨੂੰ ਗੰਭੀਰ ਹਾਲਤ 'ਚ ਮੁਹਾਲੀ ਦੇ ਫੋਰਟਿਸ 'ਚ ਦਾਖਲ ਕਰਵਾਇਆ ਗਿਆ ਹੈ। ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਹ ਭਿਆਨਕ ਹਾਦਸਾ ਸਵੇਰੇ ਤਕਰੀਬਨ 7.30 ਵਜੇ ਵਾਪਰਿਆ ਸੀ। ਅਵਾਰਾ ਪਸ਼ੂਆਂ ਦੇ ਸਾਹਮਣੇ ਆਉਣਾ ਹਾਦਸੇ ਦਾ ਕਾਰਨ ਦੱਸਿਆ ਜਾ ਰਿਹਾ ਹੈ। ਹਾਲਾਂਕਿ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਰਾਜਵੀਰ ਜਵੰਦਾ ਦੇ ਸਿਰ 'ਤੇ ਗੰਭੀਰ ਸੱਟ ਲੱਗੀ ਹੈ। ਹੁਣ ਤੱਕ ਮਿਲੀ ਜਾਣਕਾਰੀ ਮੁਤਾਬਿਕ ਗਾਇਕ ਦੇ ਹਾਦਸੇ ਦੀ ਜਾਣਕਾਰੀ ਮਿਲਣ ਮਗਰੋਂ ਗਾਇਕ ਕੁਲਵਿੰਦਰ ਬਿੱਲਾ ਅਤੇ ਸੂਫੀ ਗਾਇਕ ਕੰਵਰ ਗਰੇਵਾਲ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਖੇ ਪਹੁੰਚ ਗਏ ਹਨ। ਉੱਥੇ ਹੀ ਜੇਕਰ ਗਾਇਕ ਰਾਜਵੀਰ ਜਵੰਦਾ ਦੀ ਗੱਲ ਕੀਤੀ ਜਾਵੇ ਤਾਂ ਉਹ ਜੰਮੇ ਨਾਲ ਦੇ, ਕੰਗਣੀ ਤੇ ਸਰਦਾਰੀ ਗਾਣਿਆਂ ਨਾਲ ਮਸ਼ਹੂਰ ਹੋਏ ਹਨ। ਗਾਇਕ ਰਾਜਵੀਰ ਜਵੰਦਾ ਦਾ ਪਿਛੋਕੜ ਪਿੰਡ ਜਗਰਾਓਂ ਨੇੜੇ ਪੋਨਾ ਹੈ ਅਤੇ ਰਾਜਵੀਰ ਜਵੰਦਾ ਪੁਲਿਸ ਵਿਚ ਕਾਂਸਟੇਬਲ ਦੀ ਨੌਕਰੀ ਛੱਡ ਕੇ ਗਾਇਕੀ ਵਿੱਚ ਚਲੇ ਗਏ ਸੀ। ਹੁਣ ਇਹ ਪਿੰਡ ਵਿੱਚ ਨਹੀਂ ਰਹਿੰਦੇ ਸੀ ਤੇ ਆਪਣੀ ਮਾਤਾ, ਪਤਨੀ ਤੇ ਦੋ ਬੱਚਿਆਂ ਨਾਲ ਮੁਹਾਲੀ ਹੀ ਰਹਿਣ ਲੱਗ ਪਏ ਸੀ।

ਆਵਾਜ਼ਿ ਕੌਮ
AWAZE QAUM
International Newspaper & WEB TV

## 'ਭਗਵੰਤ ਮਾਨ ਨੂੰ ਘਰੇ ਬਿਠਾਇਆ ਕੇਜਰੀਵਾਲ ਚਲਾ ਰਿਹਾ ਸਰਕਾਰ'; ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਵੱਡਾ ਬਿਆਨ



**ਚੰਡੀਗੜ੍ਹ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਪਿੰਡਾਂ ਦੇ ਲੋਕ ਅਤੇ ਪਸ਼ੂਆਂ ਦੋਵੇਂ ਹੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਜਨਾਲਾ ਦੇ ਪਿੰਡ ਵਿਛੋਆ ਵਿੱਚ ਪਹੁੰਚ ਕੇ ਵੱਡੀ ਰਾਹਤ ਸੇਵਾ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਉਹਨਾਂ ਨੇ ਪਸ਼ੂਆਂ ਲਈ 200 ਚਾਰੇ ਦੀਆਂ ਟਰਾਲੀਆਂ ਨੂੰ ਹਰੀ ਝੰਡੀ ਦੇ ਕੇ ਵੱਖ-ਵੱਖ ਪਿੰਡਾਂ ਵੱਲ ਰਵਾਨਾ ਕੀਤਾ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਜਨਾਲਾ ਹਲਕੇ ਦੇ ਲਗਭਗ 100 ਤੋਂ ਵੱਧ ਪਿੰਡਾਂ ਵਿੱਚ ਇਹ ਚਾਰੇ ਦੀ ਸਹਾਇਤਾ ਪਹੁੰਚਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਹੜ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ ਲਈ ਅਕਾਲੀ ਦਲ ਵੱਲੋਂ ਅਗਲੇ ਪੜਾਅ ਵਿੱਚ ਕਣਕ ਦੀ ਬਜਾਈ ਲਈ ਬੀਜ ਵੀ ਭੇਜੇ ਜਾਣਗੇ। ਇਨ੍ਹਾਂ ਨਾਲ ਨਾਲ, ਜਿਨ੍ਹਾਂ ਲੋੜਵੰਦ ਪਰਿਵਾਰਾਂ ਨੂੰ ਵੱਡਾ ਨੁਕਸਾਨ ਝੱਲਣਾ ਪਿਆ ਹੈ, ਉਨ੍ਹਾਂ ਵਿੱਚੋਂ 50 ਹਜ਼ਾਰ ਪਰਿਵਾਰਾਂ ਨੂੰ ਕਣਕ ਦੀ ਸਹਾਇਤਾ ਵੀ ਦਿੱਤੀ ਜਾਵੇਗੀ। ਉਹਨਾਂ ਨੇ ਐਲਾਨ ਕੀਤਾ ਕਿ ਅਗਲੇ ਕੁਝ ਦਿਨਾਂ ਵਿੱਚ ਅਕਾਲੀ ਦਲ ਵੱਲੋਂ 112 ਮੈਡੀਕਲ ਕੈਂਪ ਟੀਮਾਂ ਪੂਰੇ ਪੰਜਾਬ ਦੇ ਹੜ ਪੀੜਤ ਪਿੰਡਾਂ ਵਿੱਚ ਭੇਜੀਆਂ ਜਾਣਗੀਆਂ, ਜਿੱਥੇ ਲੋਕਾਂ ਨੂੰ ਮੁਫ਼ਤ ਇਲਾਜ ਤੇ ਦਵਾਈਆਂ ਦੀ ਸਹੂਲਤ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਯੂਥ ਅਕਾਲੀ ਦਲ ਦੀਆਂ ਟੀਮਾਂ ਵੱਲੋਂ ਹਰ ਪ੍ਰਭਾਵਿਤ ਪਿੰਡ ਵਿੱਚ ਫੋਗਿੰਗ ਮੁਹਿੰਮ ਚਲਾਈ ਜਾਵੇਗੀ, ਤਾਂ ਜੋ ਹੜ ਤੋਂ ਬਾਅਦ ਪੈਦਾ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਿਆ ਜਾ ਸਕੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਲੋਕਾਂ ਦੇ ਦੁੱਖ-ਦਰਦ ਵਿੱਚ ਖੜੀ ਰਹੀ ਹੈ ਅਤੇ ਇਸ ਵਾਰ ਵੀ ਪਾਰਟੀ ਦੇ ਵਰਕਰ ਪਿੰਡਾਂ-ਪਿੰਡ ਪਹੁੰਚ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ। ਉਹਨਾਂ ਲੋਕਾਂ ਨੂੰ ਭਰੋਸਾ ਦਵਾਇਆ ਕਿ ਇਹ ਸੇਵਾ ਹੜ ਪੀੜਤਾਂ ਦੀਆਂ ਮੁੱਖ ਲੋੜਾਂ ਪੂਰੀਆਂ ਹੋਣ ਤੱਕ ਜਾਰੀ ਰਹੇਗੀ। ਇਸ ਤੋਂ ਇਲਾਵਾ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਦੇ ਹੋਏ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਘੇਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ ਪੰਜਾਬ 'ਚ ਹੜ੍ਹ ਆਇਆ। ਸੂਬੇ ਭਰ 'ਚ ਹੋਏ ਨੁਕਸਾਨ ਨੂੰ ਬਚਾਇਆ ਜਾ ਸਕਦਾ ਸੀ ਪਰ ਸਰਕਾਰ ਸੁੱਤੀ ਰਹੀ। ਇੱਕ ਦਮ ਸਾਰੇ ਫਲੱਡ ਗੇਟਾਂ ਨੂੰ ਖੋਲ੍ਹ ਦਿੱਤਾ ਗਿਆ ਜਿਸ ਕਾਰਨ ਹੜ੍ਹ ਆਏ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘਰੇ ਬਿਠਾਇਆ ਹੋਇਆ ਹੈ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੀ ਸਰਕਾਰ ਚਲਾਈ ਜਾ ਰਹੀ ਹੈ। ਸਿਸੋਸਦੀਆ ਅਤੇ ਜੈਨ ਸਣੇ ਦਿੱਲੀ ਵਾਲੇ ਪੈਸੇ ਇੱਕਠਾ ਕਰਨ 'ਤੇ ਲੱਗੇ ਹੋਏ ਹਨ।

## ਪੰਜਾਬ ਵਿਚ ਹੋ ਗਿਆ ਵੱਡਾ ਧਮਾਕਾ, ਪੂਰਾ ਇਲਾਕਾ ਕੰਬਿਆ

**ਲੁਧਿਆਣਾ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਚੰਡੀਗੜ੍ਹ ਰੋਡ ਦੇ ਮੋਤੀ ਨਗਰ ਇਲਾਕੇ ਵਿਚ ਹੀਰਾਨਗਰ ਗਲੀ ਨੰਬਰ 2 ਵਿਚ ਬੰਬਨੁਮਾ ਦੇਸੀ ਗੈਸ ਸਲਿੰਡਰ ਇਕ ਵਾਰ ਫਿਰ ਘਾਤਕ ਸਾਬਤ ਹੋਇਆ। ਇਸ ਵਿਚ ਹੋਏ ਧਮਾਕੇ ਵਿਚ ਇੱਕ ਮਹਿਲਾ ਅਤੇ ਦੋ ਛੋਟੇ ਬੱਚੇ ਬੁਰੀ ਤਰ੍ਹਾਂ ਝਲਸ ਗਏ ਹਨ। ਉਨ੍ਹਾਂ ਦੀ ਹਾਲਤ ਕਾਫੀ ਚਿੰਤਾਜਨਕ ਬਣੀ ਹੋਈ ਹੈ। ਲੁਧਿਆਣਾ ਐੱਲ.ਪੀ.ਜੀ ਫੈਡਰੇਸ਼ਨ ਦੇ ਸਕੱਤਰ ਅਰੁਣ ਅਗਰਵਾਲ ਨੇ ਦੱਸਿਆ ਕਿ ਹਾਦਸਾ ਰਾਤ ਦੇ ਸਮੇਂ ਵਾਪਰਿਆ। ਮਹਿਲਾ ਨੇ ਖਾਣਾ ਪਕਾਉਣ ਲਈ ਗੈਸ ਚੁੱਲ੍ਹਾ ਚਲਾਇਆ ਪਰ ਦੇਸੀ ਸਲਿੰਡਰ ਵਿਚ ਗੈਸ ਲੀਕ ਹੋਣ ਕਾਰਨ ਧਮਾਕਾ ਹੋਇਆ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਪੂਰਾ ਇਲਾਕਾ ਕੰਬ ਗਿਆ। ਧਮਾਕੇ ਵਿਚ ਦੋ ਬੱਚੇ ਜਿਨ੍ਹਾਂ ਦੀ ਉਮਰ 5 ਅਤੇ 3 ਸਾਲ ਦੱਸੀ ਜਾ ਰਹੀ ਹੈ ਅਤੇ ਇਕ ਮਹਿਲਾ ਬੁਰੀ ਤਰ੍ਹਾਂ ਝੁਲਸ ਗਏ। ਅਗਰਵਾਲ ਨੇ ਕਿਹਾ ਕਿ ਜੇਕਰ ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਨੇ ਬਮਨੁਮਾ ਦੇਸੀ ਸਿਲਿੰਡਰਾਂ 'ਤੇ ਪਾਬੰਦੀ ਲਗਾਈ ਹੋਈ ਹੈ, ਫਿਰ ਵੀ ਸ਼ਹਿਰ ਦੇ ਕਈ ਇਲਾਕਿਆਂ ਵਿਚ ਇਹ ਸਲਿੰਡਰ ਵਧ-ਚੜ੍ਹ ਕੇ ਵੇਚੇ ਜਾ ਰਹੇ ਹਨ। ਗੈਰ ਕਾਨੂੰਨੀ ਢੰਗ ਇਨ੍ਹਾਂ ਦੇਸੀ ਸਲੰਡਰਾਂ ਵਿਚ ਗੈਸ ਭਰੀ ਜਾ ਰਹੀ ਹੈ।

ਦੂਜੇ ਪਾਸੇ ਥਾਣਾ ਮੋਤੀ ਨਗਰ ਦੇ ਮੁਖੀ ਭੁਪਿੰਦਰ ਸਿੰਘ ਨੇ ਕਿਹਾ ਕਿ ਇਸ ਹਾਦਸੇ ਦੀ ਪੁਲਸ ਕੋਲ ਕੋਈ ਅਧਿਕਾਰਿਕ ਸ਼ਿਕਾਇਤ ਨਹੀਂ ਪਹੁੰਚੀ ਜਦਕਿ ਡਿਪਟੀ ਕਮਿਸ਼ਨਰ ਨੇ ਪਰਿਵਾਰ ਨੂੰ ਯੋਗ ਸਹਾਇਤਾ ਦਿੱਤੇ ਜਾਣ ਦੀ ਗੱਲ ਆਖੀ ਹੈ। ਐੱਸ.ਡੀ.ਐੱਮ ਨੂੰ ਪਰਿਵਾਰ ਦੀ ਮਦਦ ਕਰਨ ਦੇ ਹੁਕਮ ਜਾਰੀ ਕੀਤੇ।

**ਡਿਵਾਈਡਰ ਨਾਲ ਟਕਰਾਈ ਤੇਜ਼ ਰਫ਼ਤਾਰ ਕਾਰ, 5 ਨੌਜਵਾਨਾਂ ਦੀ ਮੌਤ, ਇੱਕ ਜ਼ਖਮੀ** : ਗੁਰੂਗ੍ਰਾਮ ਵਿੱਚ ਸ਼ਨੀਵਾਰ ਸਵੇਰੇ ਇੱਕ ਤੇਜ਼ ਰਫ਼ਤਾਰ ਥਾਰ ਕਾਰ ਰਾਸ਼ਟਰੀ ਰਾਜਮਾਰਗ 48 ਦੇ ਐਗਜ਼ਿਟ 9 'ਤੇ ਅਚਾਨਕ ਡਿਵਾਈਡਰ ਨਾਲ ਟਕਰਾ ਗਈ। ਇਸ ਹਾਦਸੇ 'ਚ ਚਾਰ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਹੋਰ ਦੀ ਇਲਾਜ ਦੌਰਾਨ ਮੌਤ ਹੋ ਗਈ। ਇੱਕ ਗੰਭੀਰ ਜ਼ਖਮੀ ਵਿਅਕਤੀ ਦਾ ਇਲਾਜ ਚੱਲ ਰਿਹਾ ਹੈ। ਜਾਣਕਾਰੀ ਅਨੁਸਾਰ ਇਹ ਹਾਦਸਾ ਸ਼ਨੀਵਾਰ ਸਵੇਰੇ 4:30 ਵਜੇ ਦੇ ਕਰੀਬ ਵਾਪਰਿਆ ਹੈ। ਥਾਰ 'ਚ ਉੱਤਰ ਪ੍ਰਦੇਸ਼ ਦੇ 6 ਨੌਜਵਾਨ ਸਵਾਰ ਸਨ ,ਜੋ ਕਿਸੇ ਕੰਮ ਲਈ ਗੁਰੂਗ੍ਰਾਮ ਆਏ ਸਨ। ਜਿਵੇਂ ਹੀ ਉਨ੍ਹਾਂ ਦੀ ਗੱਡੀ ਰਾਜੀਵ ਚੌਕ ਵੱਲ ਹਾਈਵੇਅ ਦੇ ਐਗਜ਼ਿਟ 9 ਤੋਂ ਬਾਹਰ ਨਿਕਲੀ ਤਾਂ ਤੇਜ਼ ਰਫ਼ਤਾਰ ਕਾਰਨ ਕਾਰ ਨੇ ਸੰਤੁਲਨ ਗੁਆ ਦਿੱਤਾ ਅਤੇ ਡਿਵਾਈਡਰ ਨਾਲ ਟਕਰਾ ਗਈ। ਇਹ ਟੱਕਰ ਇੰਨਾ ਭਿਆਨਕ ਸੀ ਕਿ ਥਾਰ ਪੂਰੀ ਤਰ੍ਹਾਂ ਨੁਕਸਾਨੀ ਗਈ ਹੈ। ਚਾਰ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਦੋ ਜ਼ਖਮੀਆਂ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ ,ਜਿੱਥੇ ਇੱਕ ਹੋਰ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ। ਇੱਕ ਜ਼ਖਮੀ ਨੌਜਵਾਨ ਦਾ ਇਲਾਜ ਚੱਲ ਰਿਹਾ ਹੈ।








## ਭਾਈ ਕਪਤਾਨ ਸਿੰਘ ਉੱਤੇ ਵੂਲਵਰਹੈਪਟਨ ਵਿੱਚ ਹਮਲੇ ਦੀ ਸੰਤ ਬਾਬਾ ਚਰਨਜੀਤ ਸਿੰਘ ਜਸੋਵਾਲ ਅਤੇ ਜਥੇਦਾਰ ਸਵਰਨਜੀਤ ਸਿੰਘ ਨਿਹੰਗ ਵੱਲੋਂ ਸਖ਼ਤ ਨਿਖੇਧੀ

# "ਅਸੀਂ ਚਟਾਨ ਵਾਂਗ ਕਪਤਾਨ ਸਿੰਘ ਦੇ ਨਾਲ ਖੜ੍ਹੇ ਹਾਂ"



ਅੰਮ੍ਰਿਤਸਰ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)- ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਅਤੇ ਜਨਰਲ ਸਕੱਤਰ ਭਾਈ ਕਪਤਾਨ ਸਿੰਘ ਉੱਤੇ ਪਿਛਲੇ ਦਿਨੀਂ ਇੰਗਲੈਂਡ ਦੇ ਸ਼ਹਿਰ ਵੂਲਵਰਹੈਪਟਨ ਵਿੱਚ ਕੀਤਾ ਗਿਆ ਜਾਨਲੇਵਾ ਹਮਲਾ ਪੰਥਕ ਵਰਗਾਂ ਵਿੱਚ ਗੰਭੀਰ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਇਸ ਹਮਲੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਦਮਦਮੀ ਟਕਸਾਲ ਨਾਲ ਸੰਬੰਧਿਤ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਅੰਤਰਰਾਸ਼ਟਰੀ ਬੁਲਾਰੇ ਸੰਤ ਬਾਬਾ ਚਰਨਜੀਤ ਸਿੰਘ ਜਸੋਵਾਲ ਦੇ ਨਾਲ-ਨਾਲ ਤਰਨਾ ਦਲ ਸ਼ਹੀਦਾਂ ਦੋਆਬਾ ਦੇ ਮੁਖੀ ਜਥੇਦਾਰ ਸਵਰਨਜੀਤ ਸਿੰਘ ਨਿਹੰਗ ਨੇ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

**ਹਮਲੇ ਦੀ ਪਿਛੋਕੜ :** ਭਾਈ ਕਪਤਾਨ ਸਿੰਘ ਜੀ ਉੱਤੇ ਇਹ ਹਮਲਾ ਗੁਰੂ ਨਾਨਕ ਸਿੱਖ ਗੁਰਦੁਆਰਾ, ਸੈਜਲੀ ਸਟਰੀਟ, ਵੂਲਵਰਹੈਪਟਨ ਵਿਖੇ ਕੀਤਾ ਗਿਆ। ਦ੍ਰਿਸ਼ਟੀਗੋਚਰਾਂ ਦੇ ਅਨੁਸਾਰ, ਹਮਲਾ ਪੂਰੀ ਤਰ੍ਹਾਂ ਯੋਜਨਾਬੱਧ ਸੀ ਅਤੇ ਬਾਹਰੀ ਲੋਕਾਂ ਨੂੰ ਬੁਲਾ ਕੇ ਉਨ੍ਹਾਂ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ ਗਈ। ਇਸ ਘਟਨਾ ਤੋਂ ਬਾਅਦ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਵਿੱਚ ਚਿੰਤਾ ਅਤੇ ਰੋਸ ਦੀ ਲਹਿਰ ਦੌੜ ਪਈ ਹੈ।

**ਸੰਤ ਜਸੋਵਾਲ ਦਾ ਬਿਆਨ :** ਸੰਤ ਬਾਬਾ ਚਰਨਜੀਤ ਸਿੰਘ ਜਸੋਵਾਲ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ - "ਜੇ ਆਪਣੇ ਆਪ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪੈਰੋਕਾਰ ਕਹਿਣ ਵਾਲੇ ਹੀ ਸਿੱਖ ਲੀਡਰਾਂ ਉੱਤੇ ਹਮਲੇ ਕਰਦੇ ਹਨ, ਤਾਂ ਉਹ ਕਿਸੇ ਵੀ ਹਾਲਤ ਵਿੱਚ ਸੱਚੇ ਪੈਰੋਕਾਰ ਨਹੀਂ ਕਹੇ ਜਾ ਸਕਦੇ। ਇਹ ਕਰਤੂਤਾਂ ਸਿਰਫ਼ ਪੰਥ ਦੀ ਬਦਨਾਮੀ ਕਰ ਰਹੀਆਂ ਹਨ।" ਉਨ੍ਹਾਂ ਨੇ ਐਲਾਨ ਕੀਤਾ ਕਿ ਪੰਥਕ ਜਥੇਬੰਦੀਆਂ ਹਮੇਸ਼ਾਂ ਭਾਈ ਕਪਤਾਨ ਸਿੰਘ ਦੇ ਨਾਲ ਚਟਾਨ ਵਾਂਗ ਖੜ੍ਹੀਆਂ ਰਹਿਣਗੀਆਂ।


**ਜਥੇਦਾਰ ਸਵਰਨਜੀਤ ਸਿੰਘ ਨਿਹੰਗ ਦਾ ਬਿਆਨ :** ਤਰਨਾ ਦਲ ਸ਼ਹੀਦਾਂ ਦੋਆਬਾ ਦੇ ਮੁਖੀ ਜਥੇਦਾਰ ਸਵਰਨਜੀਤ ਸਿੰਘ ਨਿਹੰਗ ਨੇ ਵੀ ਇਸ ਘਟਨਾ ਦੀ ਕਰੜੀ ਨਿਖੇਧੀ ਕਰਦਿਆਂ ਕਿਹਾ - "ਸਿੱਖ ਕੌਮ ਨੂੰ ਅੰਦਰੋਂ ਕਮਜ਼ੋਰ ਕਰਨ ਵਾਲੀਆਂ ਤਾਕਤਾਂ ਕਦੇ ਵੀ ਸਫਲ ਨਹੀਂ ਹੋ ਸਕਦੀਆਂ। ਭਾਈ ਕਪਤਾਨ ਸਿੰਘ ਉੱਤੇ ਹਮਲਾ ਕੇਵਲ ਉਨ੍ਹਾਂ ਉੱਤੇ ਨਹੀਂ, ਸਗੋਂ ਪੂਰੀ ਸਿੱਖ ਕੌਮ ਦੀਆਂ ਭਾਵਨਾਵਾਂ ਉੱਤੇ ਹਮਲਾ ਹੈ। ਅਸੀਂ ਇਸ ਦੀ ਨਿੰਦਾ ਹੀ ਨਹੀਂ, ਸਗੋਂ ਸੰਗਤ ਨੂੰ ਇਕਜੁੱਟ ਹੋ ਕੇ ਇਨ੍ਹਾਂ ਨਕਲੀ ਤੱਤਾਂ ਦਾ ਵਿਰੋਧ ਕਰਨ ਦੀ ਅਪੀਲ ਕਰਦੇ ਹਾਂ।"

**ਸੰਗਤ ਲਈ ਅਪੀਲ :** ਦੋਵਾਂ ਆਗੂਆਂ ਨੇ ਸੰਗਤ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਅਜਿਹੇ "ਝੂਠੇ ਪੈਰੋਕਾਰਾਂ" ਅਤੇ "ਨਕਲੀ ਖਾਲਿਸਤਾਨੀਆਂ" ਤੋਂ ਸਾਵਧਾਨ ਰਹਿਣ ਜੋ ਸਿਰਫ਼ ਸਿੱਖ ਭਾਈਚਾਰੇ ਨੂੰ ਅੰਦਰੋਂ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਅਸਲ ਤਾਕਤ ਏਕਤਾ ਅਤੇ ਇਕੱਠ ਹੈ, ਅਤੇ ਇਹੋ ਜਿਹੇ ਮੌਕਿਆਂ 'ਤੇ ਸੱਚੇ ਪੈਰੋਕਾਰਾਂ ਨੂੰ ਅੱਗੇ ਆ ਕੇ ਕੌਮ ਦੀ ਅਸਲੀ ਆਵਾਜ਼ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ●●

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
ਨਾਮ ਜਪੋ ਕਿਰਤ ਕਰੋ ਵੰਡ ਛੱਕੋ
Naam Japo Kirat Karo Vand Shako
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net

ਆਵਾਜ਼ਿ ਕੌਮ
Daily Newspaper from U.K.
Publisher/Chief Editor
Raghbir Singh Walsal
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਬੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ








# ਭਾਈ ਕਪਤਾਨ ਸਿੰਘ ਜੀ ਉੱਤੇ ਹਮਲੇ ਦੀ ਘਟਨਾ ਦੁਖਦਾਈ


ਭਾਈ ਕਪਤਾਨ ਸਿੰਘ ਜੀ ਉੱਤੇ ਹੋਏ ਹਮਲੇ ਨੂੰ ਬਹੁਤ ਹੀ ਦੁਖਦਾਈ ਅਤੇ ਚਿੰਤਾਜਨਕ ਕਰਾਰ ਦਿੰਦਿਆਂ ਕਵੀਸ਼ਰ ਮੁਖਤਾਰ ਸਿੰਘ ਸੰਗਾਵਾਂ ਨੇ ਕਿਹਾ ਕਿ ਇਹ ਘਟਨਾ ਸਿੱਖ ਜਥੇਬੰਦੀਆਂ ਅਤੇ ਸੰਗਤ ਲਈ ਸੋਚਣ ਵਾਲੀ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀਆਂ ਅੰਦਰੂਨੀ ਭਿੰਨਤਾਵਾਂ ਨੂੰ ਪਾਸੇ ਰੱਖ ਕੇ ਇਕਜੁੱਟ ਹੋਣ ਦੀ ਲੋੜ ਹੈ। ਆਪਸੀ ਟਕਰਾਵ ਸਿਰਫ਼ ਕੌਮ ਨੂੰ ਕਮਜ਼ੋਰ ਕਰਦਾ ਹੈ ਅਤੇ ਵਿਰੋਧੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਮੁਖਤਾਰ ਸਿੰਘ ਸੰਗਾਵਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਤੋਂ ਸਿੱਖਿਆ ਲੈਂਦਿਆਂ ਆਪਸੀ ਏਕਤਾ ਨੂੰ ਕਾਇਮ ਰੱਖਿਆ ਜਾਵੇ। ਉਨ੍ਹਾਂ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਸਿੱਖ ਕੌਮ ਹਮੇਸ਼ਾਂ ਇਕਜੁੱਟ ਅਤੇ ਮਜ਼ਬੂਤ ਰਹੇ।

# ਸਾਂਝਾ ਪੰਜਾਬ

## VEG & NON-VEG INDIAN

WE CATER FOR ★★★★★






## SANJHA PUNJAB

VEG & NON-VEG INDIAN

TAKE AWAY MENU

0116 291 1565

075 9999 5787

47 BELGRAVE ROAD
LEICESTER LE4 6AR

visit us : www.sanjhapunjab.co.uk

email: sanjha47@hotmail.com

SANJHA PUNJAB

VEG & NON-VEG INDIAN

0116 291 1565

visit us : www.sanjhapunjab.co.uk

email: sanjha47@hotmail.com

ALLERGY ADVICE !!

Please ask a member of staff if you have any food intolerance or allergies.

ਆਵਾਜ਼ੇ ਕੌਮ AWAZE QAUM
International Newspaper & WEB TV


Singh Sahib Giani Malkit Singh Ji
Head Granthi Sri Akaal Takhat Sahib
Contact No -IND +91 98552 03174
America - +1(856)-473-8596
26-28 September
Guru Nanak Mission Gurdwara
138 Bauer Dr, Oakland,NJ08436
For More Information
Contact-Bhai Karamjit Singh Ji Shant
(201)694-1007
ਆਵਾਜ਼ ਕੌਮ
AWAZE QAUM
International Newspaper & WEB TV

# ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ



ਸ਼ਹੀਦ ਭਾਈ ਤਲਵਿੰਦਰ ਸਿੰਘ ਬੱਬਰ



ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ (ਕੈਨੇਡਾ)



ਸ਼ਹੀਦ ਭਾਈ ਅਵਤਾਰ ਸਿੰਘ ਖੰਡਾ (ਇੰਗਲੈਂਡ)




ਜਲਾਵਤਨੀ ਸਵ. ਭਾਈ ਗਜਿੰਦਰ ਸਿੰਘ ਦਲ ਖਾਲਸਾ

ਸ਼ਹੀਦ ਭਾਈ ਜੱਥੇਦਾਰ ਤਲਵਿੰਦਰ ਸਿੰਘ ਬੱਬਰ, ਭਾਈ ਗਜਿੰਦਰ ਸਿੰਘ ਦਲ ਖ਼ਾਲਸਾ, ਹਰਦੀਪ ਸਿੰਘ ਨਿੱਜਰ, ਅਵਤਾਰ ਸਿੰਘ ਖੰਡਾ , ਭਾਈ ਹਰਬੰਸ ਸਿੰਘ ਜੋਸ਼ ਜੀ ਅਤੇ ਸਮੂਹ ਕੌਮੀ ਯੋਧਿਆਂ ਅਤੇ ਸ਼ਹੀਦਾਂ ਦੀ ਯਾਦ ਨੂੰ ਸਮੱਰਪਿਤ ਸ਼ਹੀਦੀ ਸਮਾਗਮ 5 ਅਕਤੂਬਰ ਦਿਨ ਐਤਵਾਰ ਨੂੰ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਮੈਦਿਕ ਵਿਖੇ ਹੋਵੇਗਾ।

## 5 ਅਕਤੂਬਰ ਨੂੰ

ਦੁਪਿਹਰ ਇਕ ਵਜੇ ਤੋਂ 3 ਵਜੇ ਤੱਕ ਪੰਥ ਦੇ ਮਹਾਨ ਰਾਗੀ ਤੇ ਢਾਡੀ ਜੱਥਿਆਂ, ਢਾਡੀ ਜਥਾ ਜੱਥੇਦਾਰ ਹਰਮੇਲ ਸਿੰਘ ਦਿਲਬਰ, ਭਾਈ ਗੁਰਬਚਨ ਸਿੰਘ ਅਣਖੀ, ਭਾਈ ਇਕਬਾਲ ਸਿੰਘ ਜੀ ਦੇ ਜੱਥੇ ਵੱਲੋਂ ਆਪ ਜੀ ਨੂੰ ਕੀਰਤਨ ਅਤੇ ਢਾਡੀ ਵਾਰਾਂ ਨਾਲ ਨਿਹਾਲ ਕੀਤਾ ਜਾਵੇਗਾ।

**ਪੰਥਕ ਬੁਲਾਰੇ ਆਪ ਜੀ ਨੂੰ ਮਹਾਨ ਸ਼ਹੀਦਾਂ ਦੀ ਜੀਵਨੀ ਤੋਂ ਜਾਣੂ ਕਰਵਾਉਣਗੇ।**



ਸਵ. ਭਾਈ ਹਰਬੰਸ ਸਿੰਘ ਜੋਸ਼ ਢਾਡੀ

**ਜੱਥੇਦਾਰ ਹਰਮੇਲ ਸਿੰਘ ਦਿਲਬਰ ਅਤੇ ਦਲ ਖ਼ਾਲਸਾ ਵੱਲੋਂ ਬੇਨਤੀ ਹੈ ਕਿ ਪਰਿਵਾਰ ਸਮੇਤ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਜਰੂਰ ਪਹੁੰਚੋ ਜੀ।**

--✶ ਜਾਰੀ ਕਰਤਾ ✶--

## ਭਾਈ ਹਰਮੇਲ ਸਿੰਘ ਦਿਲਬਰ
## ਇੰਗਲੈਂਡ

ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਕੁੰਜੀ ਬਾਣੀ ਦਾ ਖ਼ਿਤਾਬ 5ਵੇਂ ਪਾਤਸ਼ਾਹ

**ਸਲਾਨਾ ਬਰਸੀ ਭਾਈ ਗੁਰਦਾਸ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।**

**ਸ਼ਨਿੱਚਰਵਾਰ 27 ਸਤੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 28 ਸਤੰਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਕੀਰਤਨੀ ਜਥਾ ਰਾਗੀ ਭਾਈ ਸੁਖਪਾਲ ਸਿੰਘ ਬਟਾਲੇ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260


ਸ਼ੇਅਰ ਜ਼ਰੂਰ ਕਰੋ ਜੀ।
☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

## 'ਪੀਸੀਟੀ ਹਿਊਮੈਨਿਟੀ' ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਜਨਮ ਭੂਮੀ

# ਰਾਜੌਰੀ ਵਿਖੇ ਫ਼ਰੀ ਮੈਡੀਕਲ ਕੈਂਪ ਆਯੋਜਿਤ






**ਪਠਾਨਕੋਟ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ 'ਪੀਸੀਟੀ ਹਿਊਮੈਨਿਟੀ' ਦੇ ਸੰਸਥਾਪਕ ਡਾ. ਜੋਗਿੰਦਰ ਸਿੰਘ ਸਲਾਰੀਆ ਦੀ ਅਗਵਾਈ ਵਿੱਚ ਸਿਖ ਰਾਜ ਦੇ ਸੰਸਥਾਪਕ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਭੂਮੀ ਰਾਜੌਰੀ ਵਿਖੇ ਤਿੰਨ ਰੋਜ਼ਾ ਧਾਰਮਿਕ ਯਾਤਰਾ ਦੌਰਾਨ ਅੱਜ ਇਕ ਵਿਸ਼ਾਲ ਫ਼ਰੀ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿੱਚ ਲਗਾਏ ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਸੈਂਕੜੇ ਲੋਕਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ। ਖ਼ਾਸ ਕਰਕੇ ਦੂਰ-ਦੁਰਾਡੇ ਖੇਤਰਾਂ ਦੇ ਗ਼ਰੀਬ ਅਤੇ ਪਿਛੜੇ ਵਰਗ ਦੇ ਲੋਕਾਂ ਨੇ ਇਸ ਕੈਂਪ ਤੋਂ ਵੱਡਾ ਲਾਭ ਲਿਆ। ਇਸ ਤੋਂ ਪਹਿਲਾਂ, ਯਾਤਰਾ ਵਿੱਚ ਸ਼ਾਮਿਲ ਸ਼ਰਧਾਵਾਨ ਸੰਗਤਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਜਨਮ ਭੂਮੀ 'ਤੇ ਪਹੁੰਚ ਕੇ ਉਨ੍ਹਾਂ ਦੀ ਮੋਹ ਭਿੱਜੀ ਯਾਦ ਵਿੱਚ ਗੁਰੂ ਦੀ ਗੋਦ ਦਾ ਆਨੰਦ ਮਾਣਿਆ। ਇਸ ਧਾਰਮਿਕ ਯਾਤਰਾ ਵਿੱਚ ਵਿਸ਼ੇਸ਼ ਤੌਰ 'ਤੇ ਹਿੱਸਾ ਬਣੇ ਅਯੁੱਧਿਆ ਦੇ ਰਾਮਾਨੰਦੀ ਸ੍ਰੀ ਵੈਸ਼ਨਵ ਸੰਪਰਦਾ ਦੇ ਸੰਤ ਸ਼੍ਰੀ ਮਹੰਤ ਅਸ਼ੀਸ਼ ਦਾਸ ਜੀ ਨੇ ਡਾ. ਸਲਾਰੀਆ ਦੇ ਉੱਦਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਗੁਰੂ ਦੇ ਸਿੱਖਾਂ ਅਤੇ ਪੰਜਾਬੀਆਂ ਨੇ ਆਪਣੀ ਬੇਮਿਸਾਲ ਸੇਵਾ ਭਾਵਨਾ ਨਾਲ ਪੂਰੀ ਦੁਨੀਆ ਵਿੱਚ ਵਿਲੱਖਣ ਪਛਾਣ ਬਣਾਈ ਹੈ। ਉਨ੍ਹਾਂ ਲਈ ਇਸ ਯਾਤਰਾ ਦਾ ਹਿੱਸਾ ਬਣਨਾ ਵੱਡੇ ਮਾਣ ਦੀ ਗਲ ਹੈ। ਗੁਰਦੁਆਰਾ ਛੇਵੀਂ ਪਾਤਸ਼ਾਹੀ ਰਾਜੌਰੀ ਦੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸਰਦਾਰ ਨਿਰਮਾਨ ਸਿੰਘ ਨੇ ਡਾ. ਸਲਾਰੀਆ ਵੱਲੋਂ ਧਾਰਮਿਕ- ਇਤਿਹਾਸਕ ਵਿਰਾਸਤ ਅਤੇ ਲੋਕ ਭਲਾਈ ਲਈ ਕੀਤੀਆਂ ਜਾ ਰਹੀਆਂ ਅਣਥੱਕ ਸੇਵਾਵਾਂ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਕੀਆਂ ਸੰਗਤਾਂ ਪੰਜਾਬ ਤੋਂ ਇੱਥੇ ਆਉਂਦੀਆਂ ਹਨ, ਸਾਡੇ ਲਈ ਇਹ ਵੱਡੀ ਖ਼ੁਸ਼ੀ ਦਾ ਕਾਰਨ ਬਣਦਾ ਹੈ। ਉਨ੍ਹਾਂ ਨੇ ਹਰ ਤਰ੍ਹਾਂ ਦੇ ਸਹਿਯੋਗ ਵਾਅਦਾ ਕਰਦਿਆਂ ਕਿਹਾ ਅਜਿਹੀਆਂ ਯਾਤਰਾਵਾਂ ਅਤੇ ਫ਼ਰੀ ਮੈਡੀਕਲ ਕੈਂਪ ਨਿਰੰਤਰ ਜਾਰੀ ਰਹਿਣੇ ਚਾਹੀਦੇ ਹਨ । ਇਸ ਮੌਕੇ ਡਾ. ਸਲਾਰੀਆ ਨੇ ਕਿਹਾ ਕਿ 'ਪੀਸੀਟੀ ਹਿਊਮੈਨਿਟੀ' ਦਾ ਮੁੱਖ ਉਦੇਸ਼ ਸੇਵਾ-ਭਾਵਨਾ ਰਾਹੀਂ ਮਨੁੱਖੀ ਜੀਵਨ ਨੂੰ ਬਿਹਤਰ ਬਣਾਉਣਾ ਅਤੇ ਅਮੀਰ ਇਤਿਹਾਸਕ -ਧਾਰਮਿਕ ਵਿਰਸੇ ਨਾਲ ਲੋਕਾਂ ਨੂੰ ਜੋੜਨਾ ਹੈ। ਇਸੇ ਤਹਿਤ, ਧਾਰਮਿਕ ਯਾਤਰਾ ਅਤੇ ਫ਼ਰੀ ਮੈਡੀਕਲ ਕੈਂਪ ਲਗਾ ਕੇ ਲੋਕਾਂ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਦਰਸਾਏ ਗਏ ਗੁਰੂ ਦੇ ਮਾਰਗ 'ਤੇ ਚਲਣ ਦੀ ਅਪੀਲ ਕਰਦਿਆਂ ਕਿਹਾ ਕਿ ਬਾਬਾ ਬੈਰਾਗੀ ਨੇ ਨਿਆਂ, ਬਰਾਬਰੀ ਅਤੇ ਦੱਬੇ-ਕੁਚਲੇ ਲੋਕਾਂ ਦੀ ਰੱਖਿਆ ਲਈ ਆਪਣਾ ਜੀਵਨ ਸਮਰਪਿਤ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਵਧਾਇਆ।

### ਮਨੁੱਖਤਾ ਦੀ ਸੇਵਾ ਵਿੱਚ ਸਮਾਜਿਕ-ਧਾਰਮਿਕ ਯਤਨ ਅੱਗੇ ਵੀ ਜਾਰੀ ਰਹਿਣਗੇ : ਡਾ. ਜੋਗਿੰਦਰ ਸਿੰਘ ਸਲਾਰੀਆ

ਡਾ. ਸਲਾਰੀਆ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਜਨਮ ਭੂਮੀ 'ਤੇ ਧਾਰਮਿਕ ਯਾਤਰਾ ਦੌਰਾਨ ਲੋਕ ਭਲਾਈ ਦੇ ਕੰਮ ਕਰਨਾ, ਖ਼ਾਸ ਕਰਕੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ, ਮਨੁੱਖਤਾ ਪ੍ਰਤੀ ਸਾਡੀ ਵਚਨਬੱਧਤਾ ਅਤੇ ਫ਼ਰਜ਼ ਹੈ। ਉਨ੍ਹਾਂ ਵਿਸ਼ਵਾਸ ਜਤਾਇਆ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਿਰਾਸਤ ਤੋਂ ਪ੍ਰੇਰਨਾ ਲੈ ਕੇ ਅਜਿਹੇ ਸਮਾਜਿਕ-ਧਾਰਮਿਕ ਯਤਨ ਅਤੇ ਰਾਜੌਰੀ ਦੀ ਪਵਿੱਤਰ ਧਰਤੀ ਲਈ ਯਾਤਰਾ ਅੱਗੇ ਵੀ ਜਾਰੀ ਰਹੇਗੀ।

ਡਾ. ਸਲਾਰੀਆ ਨੇ ਕਸ਼ਮੀਰ ਵਾਦੀ ਦੀ ਸਥਿਤੀ 'ਤੇ ਚਿੰਤਾ ਜ਼ਾਹਿਰ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਕਸ਼ਮੀਰ ਵਾਦੀ ਵਿੱਚ ਅਮਨ-ਚੈਨ ਦੀ ਹਮੇਸ਼ਾਂ ਕਾਮਨਾ ਰਹੀ ਹੈ। ਉਨ੍ਹਾਂ ਦੀ ਗੁਰੂ ਅੱਗੇ ਸਦਾ ਇਹ ਅਰਦਾਸ ਰਹਿੰਦੀ ਹੈ ਕਿ ਇੱਥੇ ਸ਼ਾਂਤੀ, ਭਰਾਤਰੀ ਭਾਵਨਾ ਅਤੇ ਲੋਕਾਂ ਦੀ ਖ਼ੁਸ਼ਹਾਲੀ ਬਣੀ ਰਹੇ। ਸਾਡੀ ਮਨੋਕਾਮਨਾ ਹੈ ਕਿ ਜੰਮੂ-ਕਸ਼ਮੀਰ ਦੇ ਹਾਲਾਤ ਸੁਧਰਨ ਅਤੇ ਇੱਥੋਂ ਦੇ ਲੋਕ ਸੁਖਮਈ ਤੇ ਸ਼ਾਂਤਮਈ ਜੀਵਨ ਜੀ ਸਕਣ।

ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਰਦਾਰ ਇੰਦਰਜੀਤ ਸਿੰਘ, ਮੈਂਬਰ ਸਰਦਾਰ ਰਜਿੰਦਰ ਸਿੰਘ, ਸਰਦਾਰ ਅਮਰਜੀਤ ਸਿੰਘ ਅਤੇ ਯਾਤਰਾ ਦੇ ਪ੍ਰਬੰਧਕ ਸਰਦਾਰ ਗੁਰਮਿੰਦਰ ਸਿੰਘ ਚਾਵਲਾ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਕਾਲਜ ਸਠਿਆਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਲੈਕਚਰ ਕਰਾਇਆ



**ਚੌਕ ਮਹਿਤਾ, 27 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸ਼੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਂਝੇ ਉਪਰਾਲੇ ਤਹਿਤ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਅਤੇ ਵਿਚਾਰਧਾਰਾ ਉੱਪਰ ਇੱਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਚੇਅਰਮੈਨ ਸ. ਬਲਜੀਤ ਸਿੰਘ, ਡਿਪਟੀ ਚੀਫ ਸਕੱਤਰ ਵਿਸ਼ੇਸ਼ ਮਹਿਮਾਂ ਕੌਂਸਲ ਸ. ਪਰਮਜੀਤ ਸਿੰਘ, ਅਤੇ ਪ੍ਰਚਾਰਕ ਸ.ਗੁਰਲਾਲ ਸਿੰਘ ਨੇ ਸ਼ਮੂਲੀਅਤ ਕੀਤੀ। ਸਮਾਗਮ ਦੀ ਸ਼ੁਰੂਆਤ ਵਿੱਚ ਵਿਦਿਆਰਥਣਾਂ ਰਾਜਬੀਰ ਕੌਰ, ਕਿਰਨਪ੍ਰੀਤ ਕੌਰ ਅਤੇ ਹਰਸਿਮਰਨ ਕੌਰ ਵੱਲੋਂ ਗੁਰੂ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੌਕੇ ਸ. ਬਲਜੀਤ ਸਿੰਘ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਤੇ ਵਿਚਾਰਧਾਰਾ ਉੱਪਰ ਵਿਸਤ੍ਰਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਸਾਹਿਬ ਜੀ ਦਾ ਜੀਵਨ ਸਾਡੇ ਸਾਰਿਆਂ ਲਈ ਸਿੱਖਿਆਦਾਇਕ ਹੈ ਤੇ ਸਾਨੂੰ ਸਾਰਿਆਂ ਨੂੰ ਇਸ ਤੋਂ ਸੇਧ ਲੈਣ ਦੀ ਲੋੜ ਹੈ। ਉਨਾ ਆਪਣੀ ਚਰਚਾ ਚ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਦੇ ਜੀਵਨ ਨੂੰ ਜਾਨਣ ਦੇ ਨਾਲ ਨਾਲ ਸਮਝਣ ਵੱਲ ਵੀ ਜ਼ੋਰ ਦੇਣ ਲਈ ਕਿਹਾ। ਇਸ ਮੌਕੇ ਸ.ਪਰਮਜੀਤ ਸਿੰਘ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੰਦਰਭ ਵਿੱਚ ਜੀਵਨ ਜਾਂਚ ਨੂੰ ਆਧਾਰ ਬਣਾਉਣ ਵਾਲੇ ਗੱਲ ਕੀਤੀ ਗਈ। ਉਹਨਾਂ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਸਿੱਖਿਆ ਲੈਣ ਲਈ ਕਿਹਾ। ਉਹਨਾਂ ਕਿਹਾ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਸਾਨੂੰ ਮੋਬਾਈਲ ਦੀ ਵਰਤੋਂ ਦੀ ਥਾਂ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ। ਇਸ ਮੌਕੇ ਕਾਲਜ ਇੰਚਾਰਜ ਡਾ. ਹਰਸਿਮਰਨ ਕੌਰ ਨੇ ਸ਼ਹਾਦਤ ਦੇ ਸੰਕਲਪ ਉੱਤੇ ਗੱਲ ਕਰਦਿਆਂ ਵਿਦਿਆਰਥੀਆਂ ਨੂੰ ਨੈਤਿਕ ਜੀਵਨ ਜਾਂਚ ਉੱਤੇ ਜ਼ੋਰ ਦੇਣ ਲਈ ਕਿਹਾ। ਉਹਨਾਂ ਕਿਹਾ ਕਿ ਸ਼ਹਾਦਤਾਂ ਦੇਣੀਆਂ ਇੰਨੀਆਂ ਸੌਖੀਆਂ ਨਹੀਂ ਹੁੰਦੀਆਂ ਅਤੇ ਸਾਨੂੰ ਆਪਣੇ ਇਤਿਹਾਸ ਤੋਂ ਸੇਧ ਲੈ ਕੇ ਆਪਣੇ ਭਵਿੱਖ ਨੂੰ ਚੰਗੀਆਂ ਲੀਹਾਂ ਤੇ ਲੈ ਜਾਣਾ ਚਾਹੀਦਾ ਹੈ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾਂ ਸ਼ਹਾਦਤ ਦਿਵਸ ਦੀ ਲੜੀ ਦੇ ਇਸ ਪਹਿਲੇ ਪ੍ਰੋਗਰਾਮ ਵਿੱਚ ਅਸੀਂ ਲੈਕਚਰ ਕਰਵਾਇਆ ਹੈ ਅਤੇ ਅਗਲੇ ਦਿਨਾਂ ਵਿੱਚ ਅਸੀਂ ਇਸ ਸਬੰਧੀ ਪ੍ਰਤੀਯੋਗੀਤਾਵਾਂ, ਸੈਮੀਨਾਰ, ਕਵਿਤਾ, ਲੇਖ ਮੁਕਾਬਲੇ ਆਦਿ ਵੀ ਕਰਵਾਉਣ ਲਈ ਵਚਨਬੱਧ ਹਾਂ। ਇਸ ਮੌਕੇ ਸਹਾਇਕ ਪ੍ਰੋਫੈਸਰ ਜਸਵਿੰਦਰ ਕੌਰ ਵੱਲੋਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਕੰਪਿਊਟਰ ਸਾਇੰਸ ਵਿਭਾਗ ਦੇ ਮਨੂ ਬਾਲਾ ਵੱਲੋਂ ਸਭ ਦਾ ਰਸਮੀਂ ਧੰਨਵਾਦ ਕੀਤਾ ਗਿਆ। ਅੰਗਰੇਜ਼ੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਕਰਮਬੀਰ ਸਿੰਘ ਵੱਲੋਂ ਮੰਚ ਸੰਚਾਲਨ ਕੀਤਾ ਗਿਆ। ਇਸ ਮੌਕੇ ਕਾਲਜ ਦਾ ਸਟਾਫ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਖਾਲਸਾ ਅਕੈਡਮੀ ਦੇ ਹਾਕੀ ਖਿਡਾਰੀਆਂ ਨੇ ਜ਼ਿਲ੍ਹਾ ਪੱਧਰ ਤੇ ਮਾਰੀਆਂ ਮੱਲਾਂ, ਅੰਡਰ 14 ਸਾਲ ਤੇ ਅੰਡਰ 17 ਵਰਗ ਦੇ 8-8 ਖਿਡਾਰੀ ਸਟੇਟ ਪੱਧਰ ਲਈ ਚੁਣੇ ਗਏ



**ਚੌਕ ਮਹਿਤਾ, 26 ਸਤੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਖਾਲਸਾ ਅਕੈਡਮੀ ਮਹਿਤਾ ਚੱਕ ਦੀ ਲੜਕੀਆਂ ਦੀ ਹਾਕੀ ਟੀਮ ਅੰਡਰ 14 ਸਾਲ ਤੇ ਅੰਡਰ 17 ਵਰਗ ਨੇ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਈਆਂ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਅਤੇ ਇਸੇ ਤਰ੍ਹਾਂ ਲੜਕਿਆਂ ਦੀ ਹਾਕੀ ਟੀਮ ਅੰਡਰ 17 ਵਰਗ ਨੇ ਸਰਕਾਰੀ ਸਕੂਲ ਅੰਮ੍ਰਿਤਸਰ ਵਿਖੇ ਹੋਈਆਂ ਖੇਡਾਂ ਵਿੱਚ ਤੀਜਾ ਸਥਾਨ ਹਾਸਲ ਕਰਕੇ ਆਪਣੀ ਅਕੈਡਮੀ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਕੈਡਮੀ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਜਤਿੰਦਰ੍ਹ ਸ਼ਰਮਾ ਨੇ ਦੱਸਿਆ ਕਿ ਲੜਕੀਆਂ ਦੀ ਅੰਡਰ 14 ਤੇ ਅੰਡਰ 17 ਵਰਗ ਦੀਆਂ ਟੀਮਾਂ ਦੇ 8-8 ਖਿਡਾਰੀ ਅਤੇ ਇਸੇ ਤਰ੍ਹਾਂ ਲੜਕਿਆਂ ਦੀ ਟੀਮ ਅੰਡਰ 17 ਵਰਗ ਜੀ ਏਚਾ ਸੈਂਟਰ ਦੇ 4 ਖਿਡਾਰੀ ਸਟੇਟ ਪੱਧਰ ਲਈ ਵੀ ਚੁਣੇ ਗਏ ਜੋ ਕਿ ਸੰਸਥਾ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਪਤੀ ਦਾ ਸਿਹਰਾ ਹਾਕੀ ਕੋਚ ਬਲਜਿੰਦਰ ਸਿੰਘ, ਮਨਮੀਤ ਸਿੰਘ ਅਤੇ ਮੈਡਮ ਹਰਜੀਤ ਕੌਰ ਨੂੰ ਜਾਂਦਾ ਹੈ ਜਿਨ੍ਹਾਂ ਬੱਚਿਆਂ ਤਨਦੇਹੀ ਨਾਲ ਸਖ਼ਤ ਮਿਹਨਤ ਕਰਵਾਈ। ਜੇਤੂ ਟੀਮਾਂ ਅਤੇ ਕੋਚ ਸਾਹਿਬਾਨਾਂ ਨੂੰ ਅਕੈਡਮੀ ਪਹੁੰਚਣ ਤੇ ਸੰਸਥਾ ਦੇ ਸਰਪ੍ਰਸਤ ਬਾਬਾ ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ ਡਾਇਰੈਕਟਰ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ,ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾਂ ਅਤੇ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੀਵਨ ਦੇ ਰਿਸ਼ਤਿਆਂ ਵਿੱਚ

# ਪੋਜੀਟਿਵ ਤੇ ਨੈਗੇਟਿਵ ਅਸਰ

**ਇਨਸਾਨੀ** ਜ਼ਿੰਦਗੀ ਸਿਰਫ਼ ਸ਼ਬਦਾਂ, ਚਿਹਰਿਆਂ ਅਤੇ ਰਿਸ਼ਤਿਆਂ ਨਾਲ ਹੀ ਨਹੀਂ ਚੱਲਦੀ, ਬਲਕਿ ਹਰ ਇਨਸਾਨ ਆਪਣੇ ਨਾਲ ਇੱਕ ਖ਼ਾਸ ਤਰ੍ਹਾਂ ਦੀ ਐਨਰਜੀ ਵੀ ਲੈ ਕੇ ਫਿਰਦਾ ਹੈ। ਇਹ ਐਨਰਜੀ ਹੀ ਉਹ ਤਾਕਤ ਹੈ ਜੋ ਦੂਜਿਆਂ ਨੂੰ ਆਪਣੇ ਵੱਲ ਖਿੱਚਦੀ ਹੈ ਜਾਂ ਉਨ੍ਹਾਂ ਨੂੰ ਦੂਰ ਧੱਕਦੀ ਹੈ।ਕੁਝ ਲੋਕਾਂ ਦੇ ਨੇੜੇ ਬੈਠ ਕੇ ਮਨ ਹਲਕਾ, ਸ਼ਾਂਤ ਅਤੇ ਖੁਸ਼ੀ ਨਾਲ ਭਰ ਜਾਂਦਾ ਹੈ, ਜਦਕਿ ਕੁਝ ਦੇ ਨੇੜੇ ਜਾਣ ਨਾਲ ਬੇਚੈਨੀ, ਭਾਰਾਪਨ ਅਤੇ ਅਜਿਹੀ ਅਸਹਿਜਤਾ ਮਹਿਸੂਸ ਹੁੰਦੀ ਹੈ, ਜਿਸਨੂੰ ਸ਼ਬਦਾਂ ਵਿੱਚ ਵੀ ਬਿਆਨ ਕਰਨਾ ਔਖਾ ਹੋ ਜਾਂਦਾ ਹੈ।



**ਪੋਜੀਟਿਵ ਐਨਰਜੀ ਦੀ ਖਿੱਚ**

ਪੋਜੀਟਿਵ ਐਨਰਜੀ ਵਾਲੇ ਲੋਕਾਂ ਦਾ ਪ੍ਰਭਾਵ ਬਿਲਕੁਲ ਉਸੇ ਤਰ੍ਹਾਂ ਹੁੰਦਾ ਹੈ ਜਿਵੇਂ ਗਰਮੀਆਂ ਦੇ ਦਿਨਾਂ ਵਿੱਚ ਠੰਡੀ ਹਵਾ ਦਾ ਝੋਂਕਾ। ਇਹ ਲੋਕ ਆਪਣੇ ਆਲੇ-ਦੁਆਲੇ ਚਾਨਣ, ਖੁਸ਼ੀ ਅਤੇ ਉਮੀਦ ਦਾ ਮਾਹੌਲ ਬਣਾਉਂਦੇ ਹਨ।ਉਹਨਾਂ ਦੀ ਸੋਚ ਹੌਸਲਾ ਦੇਣ ਵਾਲੀ ਹੁੰਦੀ ਹੈ, ਉਹ ਬੇਕਾਰ ਗੱਲਾਂ ਵਿਚ ਨਹੀਂ ਫਸਦੇ, ਨਾ ਹੀ ਈਰਖਾ ਜਾਂ ਨਫ਼ਰਤ ਨਾਲ ਭਰੇ ਹੁੰਦੇ ਹਨ। ਇਨ੍ਹਾਂ ਦੀ ਹਜ਼ੂਰੀ ਵਿੱਚ ਦੂਜਾ ਵਿਅਕਤੀ ਆਪਣੇ ਆਪ ਨੂੰ ਕਮਜ਼ੋਰ ਨਹੀਂ ਸਮਝਦਾ, ਸਗੋਂ ਉਸ ਦੇ ਅੰਦਰ ਨਵੀਂ ਤਾਕਤ ਅਤੇ ਹੌਂਸਲਾ ਜਾਗ ਪੈਂਦਾ ਹੈ। ਜਿਵੇਂ ਫੁੱਲ ਆਪਣੇ ਆਪ ਵਿੱਚ ਸੁਗੰਧੀ ਰੱਖਦਾ ਹੈ ਤੇ ਆਲੇ ਦੁਆਲੇ ਦੀ ਹਵਾ ਨੂੰ ਖੁਸ਼ਬੂਦਾਰ ਕਰ ਦਿੰਦਾ ਹੈ, ਓਸੇ ਤਰ੍ਹਾਂ ਪੋਜੀਟਿਵ ਐਨਰਜੀ ਵਾਲੇ ਲੋਕ ਹਰ ਇੱਕ ਨੂੰ ਖ਼ੁਸ਼ੀ, ਪਿਆਰ ਅਤੇ ਸਨਮਾਨ ਮਹਿਸੂਸ ਕਰਵਾਉਂਦੇ ਹਨ।

**ਨੈਗੇਟਿਵ ਐਨਰਜੀ ਦਾ ਭਾਰ**

ਦੂਜੇ ਪਾਸੇ ਕੁਝ ਇਨਸਾਨ ਉਹ ਵੀ ਹੁੰਦੇ ਹਨ, ਜਿਨ੍ਹਾਂ ਦੇ ਨੇੜੇ ਜਾਣ ਨਾਲ ਦਿਲ ਉਖੜ ਜਾਂਦਾ ਹੈ। ਉਹਨਾਂ ਦੀਆਂ ਗੱਲਾਂ ਹਮੇਸ਼ਾਂ ਨਿਰਾਸ਼ਾ, ਸ਼ਿਕਾਇਤਾਂ ਜਾਂ ਦੂਜਿਆਂ ਦੀਆਂ ਖਾਮੀਆਂ 'ਤੇ ਕੇਂਦਰਿਤ ਰਹਿੰਦੀਆਂ ਹਨ। ਇਸ ਤਰ੍ਹਾਂ ਦੀ ਨੈਗੇਟਿਵ ਐਨਰਜੀ ਆਪਣੇ ਨਾਲ ਇੱਕ ਭਾਰੀ ਮਾਹੌਲ ਲੈ ਕੇ ਆਉਂਦੀ ਹੈ ਜੋ ਕਿਸੇ ਨੂੰ ਆਪਣੇ ਨੇੜੇ ਬੈਠਣ ਲਈ ਤਿਆਰ ਨਹੀਂ ਕਰਦੀ। ਕਈ ਵਾਰ ਬਿਨਾਂ ਕੁਝ ਬੋਲਿਆਂ ਹੀ ਮਨ ਵਿੱਚ ਅਜਿਹਾ ਸੰਕੇਤ ਮਿਲਦਾ ਹੈ ਕਿ ਇੱਥੋਂ ਦੂਰ ਹੋਣਾ ਹੀ ਚੰਗਾ ਹੈ। ਇਹੋ ਜਿਹੇ ਲੋਕ ਆਪਣੇ ਆਪ ਵਿੱਚ ਵੀ ਸੁਖੀ ਨਹੀਂ ਹੁੰਦੇ ਅਤੇ ਦੂਜਿਆਂ ਦੀਆਂ ਖ਼ੁਸ਼ੀਆਂ ਨੂੰ ਵੀ ਨਿਗਲਣ ਦੀ ਕੋਸ਼ਿਸ਼ ਕਰਦੇ ਹਨ।

**ਐਨਰਜੀ ਬਿਨਾਂ ਸ਼ਬਦਾਂ ਦੇ ਵੀ ਬੋਲਦੀ ਹੈ**

ਇਹ ਇੱਕ ਅਣਲਿਖੀ ਸੱਚਾਈ ਹੈ ਕਿ ਐਨਰਜੀ ਬਿਨਾਂ ਸ਼ਬਦਾਂ ਦੇ ਵੀ ਪ੍ਰਗਟ ਹੋ ਜਾਂਦੀ ਹੈ। ਇੱਕ ਵਿਅਕਤੀ ਦਾ ਚਿਹਰਾ, ਉਸ ਦੀਆਂ ਅੱਖਾਂ, ਉਸ ਦੀ ਹਜ਼ੂਰੀ, ਇਹ ਸਾਰੀਆਂ ਚੀਜ਼ਾਂ ਦੂਜਿਆਂ ਦੇ ਮਨ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਵੇਂ ਚਾਨਣ ਤੇ ਹਨੇਰਾ ਇਕੱਠੇ ਨਹੀਂ ਰਹਿ ਸਕਦੇ, ਓਸੇ ਤਰ੍ਹਾਂ ਪੋਜੀਟਿਵ ਤੇ ਨੈਗੇਟਿਵ ਐਨਰਜੀ ਇੱਕੋ ਜਗ੍ਹਾ ਟਿਕ ਨਹੀਂ ਸਕਦੀਆਂ। ਜਿੱਥੇ ਪੋਜੀਟਿਵ ਸੋਚ, ਦਇਆ, ਪਿਆਰ ਤੇ ਸੱਚਾਈ ਹੈ, ਉੱਥੇ ਨਕਾਰਾਤਮਕਤਾ ਆਪਣੇ ਆਪ ਹੀ ਦੂਰ ਹੋ ਜਾਂਦੀ ਹੈ।

**ਆਪਣੇ ਅੰਦਰ ਐਨਰਜੀ ਦਾ ਵਿਕਾਸ**

ਅਸਲ ਗੱਲ ਇਹ ਹੈ ਕਿ ਅਸੀਂ ਆਪਣੇ ਅੰਦਰ ਕਿਹੜੀ ਐਨਰਜੀ ਪੈਦਾ ਕਰਦੇ ਹਾਂ। ਜੇ ਅਸੀਂ ਹਮੇਸ਼ਾਂ ਸ਼ਿਕਾਇਤਾਂ, ਈਰਖਾ, ਗੁੱਸੇ ਜਾਂ ਲਾਲਚ ਨਾਲ ਭਰੇ ਰਹਾਂਗੇ ਤਾਂ ਸਾਡੀ ਹਜ਼ੂਰੀ ਵੀ ਨੈਗੇਟਿਵ ਹੋਵੇਗੀ। ਪਰ ਜੇ ਅਸੀਂ ਸ਼ੁਕਰਗੁਜ਼ਾਰ ਬਣੀਏ, ਸੱਚੇ ਤੇ ਦਿਆਲੂ ਰਹੀਏ, ਛੋਟੀ-ਛੋਟੀ ਖੁਸ਼ੀਆਂ ਸਾਂਝੀਆਂ ਕਰੀਏ ਤਾਂ ਸਾਡੀ ਐਨਰਜੀ ਵੀ ਰੌਸ਼ਨ ਤੇ ਚੰਗੀ ਹੋਵੇਗੀ। ਇਹੋ ਜਿਹੀ ਐਨਰਜੀ ਸਾਡੇ ਰਿਸ਼ਤਿਆਂ ਨੂੰ ਮਜ਼ਬੂਤ ਕਰਦੀ ਹੈ ਅਤੇ ਸਾਡੇ ਜੀਵਨ ਨੂੰ ਸੁੰਦਰ ਬਣਾਂਦੀ ਹੈ।



**ਨਤੀਜਾ**

ਇਨਸਾਨੀ ਹਜ਼ੂਰੀ ਦਾ ਅਸਰ ਬਹੁਤ ਡੂੰਘਾ ਹੈ। ਅਸੀਂ ਚਾਹੀਏ ਤਾਂ ਆਪਣੇ ਆਲੇ ਦੁਆਲੇ ਚਾਨਣ, ਪਿਆਰ ਅਤੇ ਖੁਸ਼ੀਆਂ ਦੀ ਲਹਿਰ ਫੈਲਾ ਸਕਦੇ ਹਾਂ, ਜਾਂ ਫਿਰ ਹਨੇਰਾ, ਨਿਰਾਸ਼ਾ ਅਤੇ ਤਣਾਓ ਵੀ ਵੰਡ ਸਕਦੇ ਹਾਂ। ਇਹ ਚੋਣ ਸਾਡੇ ਆਪਣੇ ਹੱਥ ਵਿੱਚ ਹੈ। ਜਿਹੜਾ ਇਨਸਾਨ ਆਪਣੇ ਅੰਦਰ ਪੋਜੀਟਿਵ ਐਨਰਜੀ ਵਧਾਉਂਦਾ ਹੈ, ਉਹ ਨਾ ਸਿਰਫ ਆਪਣੀ ਜ਼ਿੰਦਗੀ ਸੁੰਦਰ ਬਣਾਂਦਾ ਹੈ ਬਲਕਿ ਹੋਰਾਂ ਦੀਆਂ ਜ਼ਿੰਦਗੀਆਂ ਨੂੰ ਵੀ ਰੌਸ਼ਨ ਕਰਦਾ ਹੈ। ਇਸ ਲਈ ਹਰ ਇਨਸਾਨ ਨੂੰ ਆਪਣੀ ਹਜ਼ੂਰੀ ਨੂੰ ਚਾਨਣ ਬਣਾਉਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ, ਤਾਂ ਜੋ ਉਸਦੀ ਮੌਜੂਦਗੀ ਹਰ ਇੱਕ ਲਈ ਪ੍ਰੇਰਣਾ ਅਤੇ ਖ਼ੁਸ਼ੀ ਦਾ ਕਾਰਨ ਬਣੇ।

**-ਗੁਰਦੇਵ ਸਿੰਘ ਬਠਿੰਡਾ**
**ਮੋਬਾਈਲ: 93169-49649**

## ਪੰਜਾਬ ਵਿੱਚ ਕਾਰੋਬਾਰ ਨੂੰ ਹੁਲਾਰਾ ਦੇਣ ਲਈ ਪੰਜਾਬ ਸਰਕਾਰ ਵਲੋਂ ਓਟੀਐਸ ਸਕੀਮ ਸਮੇਤ ਵੱਡੇ ਫੈਸਲੇ ਲਏ ਗਏ

# ਵਪਾਰੀ ਵਰਗ ਨੂੰ ਦਿਵਾਲੀ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਤਾ ਤੋਹਫਾ : ਸ਼ੀਤਲ ਜਨੇਜਾ ,ਅਭਿਸ਼ੇਕ ਬਾਂਸਲ, ਹਰਜਿੰਦਰ ਰੰਧਾਵਾ

**ਚੌਕ ਮਹਿਤਾ , 27 ਸਤੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਕੈਬਨਿਟ ਨੇ ਸੂਬੇ ਦੇ ਅਰਥਚਾਰੇ ਨੂੰ ਤੇਜ਼ ਵਿਕਾਸ ਦੇ ਰਾਹ ਉੱਤੇ ਪਾਉਣ ਲਈ ਕਾਰੋਬਾਰ ਨੂੰ ਹੁਲਾਰਾ ਦੇਣ ਵਾਸਤੇ ਕਈ ਅਹਿਮ ਪਹਿਲਕਦਮੀਆਂ ਉੱਤੇ ਮੋਹਰ ਲਾਈ ਹੈ ਅਤੇ ਦਿਵਾਲੀ ਦੇ ਪਵਿੱਤਰ ਤਿਉਹਾਰ ਮੌਕੇ ਇਹ ਪੰਜਾਬ ਦੇ ਵਪਾਰੀ ਵਰਗ ਲਈ ਮੁੱਖ ਮੰਤਰੀ ਸ ਭਗਵੰਤ ਮਾਨ ਜੀ ਵੱਲੋਂ ਵੱਡਾ ਤੋਹਫਾ ਦਿੱਤਾ ਗਿਆ ਹੈ,



ਇਹ ਜਾਣਕਾਰੀ ਦਿੰਦਿਆਂ ਵਪਾਰ ਵਿੰਗ ਅੰਮ੍ਰਿਤਸਰ ਦਿਹਾਤੀ ਦੇ ਪ੍ਰਧਾਨ ਅਭਿਸ਼ੇਕ ਬਾਂਸਲ ਨੇ ਦੱਸਿਆ ਕਿ ਕੈਬਨਿਟ ਨੇ ਪੁਰਾਣੇ ਕੇਸਾਂ ਦਾ ਬੋਝ ਘਟਾਉਣ ਅਤੇ ਸਨਅਤ ਤੇ ਕਾਰੋਬਾਰਾਂ ਲਈ ਨਿਯਮਾਂ ਦੀ ਪਾਲਣਾ ਵਧਾਉਣ ਵਾਸਤੇ ਬਕਾਇਆ ਦੀ ਰਿਕਵਰੀ ਲਈ ਪੰਜਾਬ ਵਨ ਟਾਇਮ ਸੈਟਲਮੈਂਟ ਸਕੀਮ 2025 (ਓ.ਟੀ.ਐਸ.) ਲਿਆਉਣ ਦੀ ਵੀ ਪ੍ਰਵਾਨਗੀ ਦੇ ਦਿੱਤੀ। ਇਹ ਸਕੀਮ ਪਹਿਲੀ ਅਕਤੂਬਰ 2025 ਤੋਂ ਲਾਗੂ ਹੋਵੇਗੀ ਅਤੇ 12 ਦਸੰਬਰ 2025 ਤੱਕ ਲਾਗੂ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਓ.ਟੀ.ਐਸ. ਸਕੀਮ ਅਧੀਨ ਜਿਸ ਮਾਮਲੇ ਵਿੱਚ ਟੈਕਸ ਰਕਮ ਇਕ ਕਰੋੜ ਰੁਪਏ ਤੱਕ ਹੈ, ਉਸ ਮਾਮਲੇ ਵਿੱਚ ਵਿਆਜ ਤੋਂ 100 ਫੀਸਦੀ ਛੋਟ, ਜੁਰਮਾਨੇ ਉੱਤੇ 100 ਫੀਸਦੀ ਮੁਆਫ਼ੀ ਅਤੇ ਟੈਕਸ ਰਕਮ ਉੱਤੇ 50 ਫੀਸਦੀ ਛੋਟ ਹੋਵੇਗੀ, ਜਦੋਂ ਕਿ ਇੱਕ ਕਰੋੜ ਰੁਪਏ ਤੋਂ 25 ਕਰੋੜ ਰੁਪਏ ਤੱਕ ਦੀ ਬਕਾਇਆ ਟੈਕਸ ਰਕਮ ਉੱਤੇ ਵਿਆਜ ਉੱਤੇ 100 ਫੀਸਦੀ ਛੋਟ, ਜੁਰਮਾਨੇ ਉੱਤੇ 100 ਫੀਸਦੀ ਛੋਟ ਅਤੇ ਟੈਕਸ ਰਕਮ ਉੱਤੇ 25 ਫੀਸਦੀ ਦੀ ਮੁਆਫ਼ੀ ਹੋਵੇਗੀ। 25 ਕਰੋੜ ਰੁਪਏ ਤੋਂ ਉੱਪਰ ਦੀ ਟੈਕਸ ਰਕਮ ਦੇ ਮਾਮਲੇ ਵਿੱਚ ਵਿਆਜ ਉੱਤੇ 100 ਫੀਸਦੀ ਛੋਟ, ਜੁਰਮਾਨੇ ਉੱਤੇ 100 ਫੀਸਦੀ ਛੋਟ ਅਤੇ ਟੈਕਸ ਰਕਮ ਉੱਤੇ 10 ਫੀਸਦੀ ਦੀ ਮੁਆਫ਼ੀ ਦਿੱਤੀ ਜਾ ਰਹੀ ਹੈ।

ਅਭਿਸ਼ੇਕ ਬਾਂਸਲ ,ਹਰਜਿੰਦਰ ਰੰਧਾਵਾ ਸ਼ੀਤਲ ਜਨੇਜਾ ਨੇ ਸ਼ੈਲਰ ਮਾਲਕਾਂ ਨੂੰ ਵੀ ਖੁਸ਼ਖਬਰੀ ਦਿੰਦੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਉਹਨਾਂ ਲਈ ਵੀ ਓ.ਟੀ.ਐਸ. ਨੂੰ ਮਨਜ਼ੂਰੀ ਦਿੱਤੀ ਗਈ ਹੈ ਕਿਉਂਕਿ ਹਰੇਕ ਮਿੱਲ ਮਾਲਕ ਨੂੰ ਮਿਲਿੰਗ ਦਾ ਸਮਾਂ ਪੂਰਾ ਹੋਣ ਮਗਰੋਂ ਹਰੇਕ ਸੂਬਾਈ ਖ਼ਰੀਦ ਏਜੰਸੀ ਨਾਲ ਆਪਣਾ ਖ਼ਾਤਾ ਕਲੀਅਰ ਕਰਨਾ ਹੁੰਦਾ ਹੈ ਤਾਂ ਕਿ ਉਸ ਮਿੱਲ ਮਾਲਕ ਨੂੰ ਅਗਲੇ ਸਾਲ ਲਈ ਕਸਟਮ ਮਿਲਿੰਗ ਲਈ ਝੋਨੇ ਦੀ ਅਲਾਟਮੈਂਟ ਵਾਸਤੇ ਵਿਚਾਰਿਆ ਜਾ ਸਕੇ। ਕਈ ਮਿੱਲ ਮਾਲਕਾਂ ਨੇ ਆਪਣਾ ਬਕਾਏ ਜਮ੍ਹਾਂ ਨਹੀਂ ਕਰਵਾਏ, ਜਿਸ ਕਾਰਨ ਇਨ੍ਹਾਂ ਮਿੱਲ ਮਾਲਕਾਂ ਨੂੰ ਡਿਫਾਲਟਰ ਐਲਾਨ ਦਿੱਤਾ ਗਿਆ ਅਤੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ ਅਤੇ ਇਹ ਕਾਰਵਾਈ ਪਿਛਲੇ ਕਈ ਸਾਲਾਂ ਤੋਂ ਵੱਖ ਵੱਖ ਅਦਾਲਤਾਂ/ਲੀਗਲ ਫੋਰਮਾਂ ਵਿੱਚ ਲੰਬਿਤ ਹੈ।

ਉਨ੍ਹਾਂ ਕਿਹਾ ਕਿ ਇਹ ਨਵੀਂ ਓ.ਟੀ.ਐਸ. ਸਕੀਮ ਸਾਰੀਆਂ ਏਜੰਸੀਆਂ ਦੇ ਕੇਸਾਂ ਨੂੰ ਘੱਟ ਤੋਂ ਘੱਟ ਕਰਨ ਅਤੇ ਇਸ ਨੀਤੀ ਅਧੀਨ ਕੇਸਾਂ ਦਾ ਨਿਬੇੜਾ ਕਰਨ ਲਈ ਲਿਆਂਦੀ ਗਈ ਹੈ ਤਾਂ ਕਿ ਅਜਿਹੀਆਂ 'ਬਿਮਾਰ' ਚੌਲ ਮਿੱਲਾਂ ਨੂੰ ਮੁੜ ਕਾਰਜਸ਼ੀਲ ਕਰ ਕੇ ਸੂਬੇ ਵਿੱਚ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋ ਸਕਣ।

ਪ੍ਰਧਾਨ ਅਭਿਸ਼ੇਕ ਬਾਂਸਲ ਨੇ ਕਿਹਾ ਕਿ ਪੰਜਾਬ ਕੈਬਨਿਟ ਨੇ ਕਰਦਾਤਾਵਾਂ ਦੀ ਸਹੂਲਤ ਅਤੇ ਕਰਦਾਤਾਵਾਂ ਦੁਆਰਾ ਟੈਕਸ ਪਾਲਣਾ ਯਕੀਨੀ ਬਣਾਉਣ ਲਈ ਪੰਜਾਬ ਗੁੱਡਜ਼ ਐਂਡ ਸਰਵਿਸਜ਼ ਟੈਕਸ (ਸੋਧ ਬਿੱਲ) 2025 ਵਿੱਚ ਸੋਧ ਕਰਨ ਦੀ ਵੀ ਸਹਿਮਤੀ ਦੇ ਦਿੱਤੀ ਹੈ । ਉਨ੍ਹਾਂ ਪੰਜਾਬ ਦੇ ਵਪਾਰੀ ਵਰਗ ਨੂੰ ਦਿਵਾਲੀ ਦੀ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਵਪਾਰੀ ਭਰਾਵਾਂ ਦੀਆਂ ਮੁਸ਼ਿਕਲਾਂ ਦੂਰ ਕਰਨ ਲਈ ਅਤੇ ਸੁਖਾਵਾਂ ਮਹੌਲ ਦੇਣ ਲਈ ਵਚਨਬੱਧ ਹੈ। ਇਸ ਮੌਕੇ ਤੇ ਮਾਝਾ ਜੋਨ ਇੰਚਾਰਜ਼ ਸ਼ੀਤਲ ਜੁਨੇਜਾ ਜੀ ਉਚੇਚੇ ਤੌਰ ਤੇ ਹਾਜ਼ਿਰ ਰਹੇ ਨਾਲ ਹੀ ਪੰਜਾਬ ਵਪਾਰ ਮੰਡਲ ਦੇ ਪਰਦਾਨ ਪਿਆਰਾ ਲਾਲ ਸੇਠ ਜੀ ,ਹਲਕਾ ਰਾਜਾ ਸੰਸੀ ਤੋਂ ਹਰਿੰਦਰ ਗਿੱਲ ,ਹਲਕਾ ਜੰਡਿਆਲਾ ਤੋਂ ਹਰਜਿੰਦਰ ਰੰਧਾਵਾ ਜੀ ਨਾਲ ਜਗਜੀਤ ਸਿੰਘ ਉਸ਼ਮਾ ਅਵਿਨਾਸ਼ ਗ੍ਰੋਵਰ,ਹਲਕਾ ਅਜਨਾਲਾ ਤੋਂ ਕੁਲਵੰਤ ਸਿੰਘ ਜੀ,ਪੰਜਾਬ ਵਪਾਰ ਮੰਡਲ ਤੋਂ ਸਮੀਰ ਜੈਨ ਜੀ , ਪੰਜਾਬ ਰਾਈਸ ਮਿਲਰ ਐਸੋਸੀਏਸ਼ਨ ਦੇ ਵਾਈਸ ਪ੍ਰਦਾਨ ਸੰਜੀਵ ਭੰਡਾਰੀ ਜੀ , ਨਰੇਸ਼ ਭਾਟੀਆ ਜੀ, ਪੁਨੀਤ ਜੈਦਕਾ ਅੱਤੇ ਵਪਾਰ ਜਗਤ ਤੋਂ ਵੱਖ ਵੱਖ ਵਪਾਰੀਆਂ ਨੇ ਸਰਕਾਰ ਦੀ ਪ੍ਰਸ਼ੰਸਾ ਕੀਤੀ ਅਤੇ ਮਾਨ ਸਰਕਾਰ ਦਾ ਧੰਨਵਾਦ ਕੀਤਾ।

# ਗੁਰੂ ਕਾਸ਼ੀ ਯੂਨੀਵਰਸਿਟੀ ਨੇ ਕਰਵਾਇਆ ਅੰਤਰ ਖੇਤਰੀ ਲੋਕ ਨਾਚ ਮੁਕਾਬਲਾ




**ਤਲਵੰਡੀ ਸਾਬੋ, 26 ਸਤੰਬਰ (ਗੁਰਜੰਟ ਸਿੰਘ ਨਥੇਹਾ)**- ਗੁਰੂ ਕਾਸ਼ੀ ਯੂਨੀਵਰਸਿਟੀ ਦੇ ਡਾਇਰੈਕਟੋਰੇਟ ਆਫ਼ ਮੀਡੀਆ ਪਲਾਨਿੰਗ ਵੱਲੋਂ ਡਾਇਰੈਕਟੋਰੇਟ ਯੁਵਾ ਤੇ ਸੱਭਿਆਚਾਰਕ ਮਾਮਲੇ ਦੇ ਸਹਿਯੋਗ ਨਾਲ ਅੰਤਰ ਖੇਤਰੀ ਲੋਕ ਨਾਚ ਮੁਕਾਬਲਾ ਆਯੋਜਿਤ ਕੀਤਾ ਗਿਆ। ਜਿਸ ਦੇ ਪਹਿਲੇ ਸੈਸ਼ਨ ਵਿੱਚ ਐਡਵੋਕੇਟ ਸਤਿੰਦਰਪਾਲ ਸਿੰਘ, ਪ੍ਰਧਾਨ ਬਾਰ ਐਸੋਸਿਏਸ਼ਨ ਆਫ਼ ਤਲਵੰਡੀ ਸਾਬੋ ਤੇ ਦੂਜੇ ਸੈਸ਼ਨ ਦੇ ਇਨਾਮ ਵੰਡ ਸਮਾਰੋਹ ਵਿੱਚ ਪ੍ਰੋ.(ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਡਾ. ਕੰਵਲਜੀਤ ਕੌਰ ਡਾਇਰੈਕਟਰ ਯੁਵਾ ਅਤੇ ਸੱਭਿਆਚਾਰਕ ਮਾਮਲੇ ਵਿਸ਼ੇਸ਼ ਮਹਿਮਾਨ, ਐਡਵੋਕੇਟ ਰਾਜ ਮੁਕੱਦਰ ਸਿੰਘ ਸਿੱਧੂ, ਐਡਵੋਕੇਟ ਹਰਦੇਵ ਸਿੰਘ ਭਾਗੀਵਾਂਦਰ ਤੇ ਮਨੀਸ਼ ਗਰਗ ਪ੍ਰਧਾਨ ਪ੍ਰੈਸ ਕਲੱਬ ਤਲਵੰਡੀ ਸਾਬੋ ਸਨਮਾਨਿਤ ਮਹਿਮਾਨ ਵਜੋਂ ਹਾਜ਼ਰ ਹੋਏ। ਇਨਾਮ ਵੰਡ ਸਮਾਰੋਹ ਮੌਕੇ ਮੁੱਖ ਮਹਿਮਾਨ ਡਾ. ਸਿੰਘ ਨੇ ਪ੍ਰਤੀਯੋਗੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਸਾਨੂੰ ਆਪਣੀ ਅਮੀਰ ਸੰਸਕ੍ਰਿਤੀ ਨਾਲ ਜੋੜੇ ਰੱਖਦੇ ਹਨ। ਉਨ੍ਹਾਂ ਸਾਰਿਆਂ ਨੂੰ ਹਾਰ ਜਿੱਤ ਦੀ ਪਰਵਾਹ ਕੀਤੇ ਬਿਨਾਂ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਸਰਵਪੱਖੀ ਵਿਕਾਸ ਲਈ ਲੋਕ ਕਲਾਵਾਂ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਦਾ ਸੁਝਾਅ ਵੀ ਦਿੱਤਾ। ਐਡਵੋਕੇਟ ਸਤਿੰਦਰ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੇ ਕੌਸ਼ਲ ਅਤੇ ਹੁਨਰ ਨੂੰ ਦੇਸ਼ ਦੇ ਵਿਕਾਸ ਵਿੱਚ ਲਗਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਹੁਣ ਦੁਨੀਆ ਦੇ ਮੋਹਰੀ ਦੇਸ਼ਾਂ ਵਿੱਚ ਸ਼ਾਮਿਲ ਹੈ ਇੱਥੇ ਨੌਜਵਾਨਾਂ ਲਈ ਤਰੱਕੀ ਅਤੇ ਖੁਸ਼ਹਾਲ ਜੀਵਨ ਦੀਆਂ ਬਹੁਤ ਸੰਭਾਵਨਾਵਾਂ ਹਨ, ਪਰ ਇਸਦੇ ਲਈ ਨੌਜਵਾਨ ਪੀੜੀ ਨੂੰ ਇਮਾਨਦਾਰੀ ਅਤੇ ਸਮਰਪਣ ਨਾਲ ਆਪਣੇ ਖੇਤਰ ਵਿੱਚ ਕੰਮ ਕਰਨੇ ਪੈਣਗੇ। ਮੈਡਮ ਪਰਮ ਬਰਾੜ, ਮੈਡਮ ਸਿਮਰਜੀਤ ਕੌਰ ਬਹਿਣੀਵਾਲ ਤੇ ਹਰਜਿੰਦਰ ਸਿੰਘ ਜੱਜਾਂ ਦੇ ਪੈਨਲ ਵੱਲੋਂ ਭਾਰਤੀ ਲੜਕਿਆਂ ਵਿੱਚੋਂ ਪਾਰਸ ਅਤੇ ਅਨਿਲ ਨੂੰ ਪਹਿਲੇ, ਰੋਹਿਤ ਕੁਮਾਰ, ਸੰਦੀਪ ਕੁਮਾਰ ਨੂੰ ਦੂਜੇ, ਭਾਰਤੀ ਲੜਕੀਆਂ ਵਿੱਚੋਂ ਵਸਾਵੀ ਨੂੰ ਪਹਿਲੇ, ਵਰਖਾ ਰਾਣੀ, ਹਰਮਨਪ੍ਰੀਤ ਕੌਰ ਨੂੰ ਦੂਜੇ, ਅੰਤਰ ਰਾਸ਼ਟਰੀ ਪ੍ਰਤੀਯੋਗਿਤਾ ਲੜਕਿਆਂ ਵਿੱਚੋਂ ਚੋਕੋਰੁਗਮਾ ਇਨੋਟੈਂਡਾ ਨੂੰ ਪਹਿਲੇ ਅਤੇ ਇੰਟਰਨੈਸ਼ਨਲ ਲੜਕੀਆਂ ਵਿੱਚੋਂ ਡਿਵੋਥਾ ਸਾਂਗਾ ਨੂੰ ਪਹਿਲੇ ਤੇ ਇਸ਼ੇਨ ਨੂੰ ਦੂਜੇ ਸਥਾਨ ਦਾ ਜੇਤੂ ਐਲਾਨਿਆ ਗਿਆ। ਆਪਣੇ ਧੰਨਵਾਦੀ ਭਾਸ਼ਣ ਵਿੱਚ ਡਾਇਰੈਕਟਰ ਮੀਡੀਆ ਤੇ ਪਲਾਨਿੰਗ ਨੇ ਦੱਸਿਆ ਕਿ ਵਰਸਿਟੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਤੇ ਉਨ੍ਹਾਂ ਨੂੰ ਵੱਖ-ਵੱਖ ਪ੍ਰਦੇਸਾਂ ਅਤੇ ਦੇਸ਼ਾਂ ਦੇ ਸੱਭਿਆਚਾਰ ਤੋਂ ਜਾਣੂ ਕਰਵਾਉਣ ਲਈ ਹੋਰ ਵੱਡੇ ਪੱਧਰ ਤੇ ਸੱਭਿਆਚਾਰਕ ਮੇਲਿਆਂ ਦਾ ਆਯੋਜਨ ਕਰੇਗੀ। ਸਮਾਰੋਹ ਵਿੱਚ ਲਵਲੀਨ ਸੱਚਦੇਵਾ ਤੇ ਮਨਪ੍ਰੀਤ ਬਰਾੜ ਨੇ ਆਪਣੇ ਨਿਵੇਕਲੇ ਤੇ ਸ਼ਾਇਰਾਨਾ ਅੰਦਾਜ਼ ਵਿੱਚ ਖ਼ੂਬਸੂਰਤ ਮੰਚ ਸੰਚਾਲਨ ਕੀਤਾ।

# ਸਿੱਖ ਭਾਈਚਾਰੇ ਨੂੰ ਫੇਸਬੁੱਕ 'ਤੇ 1984 ਦੇ ਸਿੱਖ ਕਤਲੇਆਮ ਵਾਂਗ ਸਾੜਨ, ਦਾੜ੍ਹੀ ਅਤੇ ਵਾਲ ਕੱਟਣ ਦੀ ਧਮਕੀ, ਪੁਲਿਸ ਸੁਪਰਡੈਂਟ ਨੂੰ ਕੀਤੀ ਗਈ ਸ਼ਿਕਾਇਤ



**ਨਵੀਂ ਦਿੱਲੀ 27 ਸੰਤਬਰ (ਮਨਪ੍ਰੀਤ ਸਿੰਘ ਖਾਲਸਾ)**:- ਲਖੀਮਪੁਰ ਖੇੜੀ ਦੇ ਸਿੱਖ ਭਾਈਚਾਰੇ ਨੇ ਪੁਲਿਸ ਸੁਪਰਡੈਂਟ ਸੰਕਲਪ ਸ਼ਰਮਾ ਨੂੰ ਫੇਸਬੁੱਕ 'ਤੇ ਵਾਇਰਲ ਹੋਈ ਇੱਕ ਧਮਕੀ ਭਰੀ ਵੀਡੀਓ ਬਾਰੇ ਸ਼ਿਕਾਇਤ ਕੀਤੀ ਹੈ। ਰਾਮਪੁਰ ਗੋਕੁਲ ਦੇ ਸਿੱਖ ਭਾਈਚਾਰੇ ਦੇ ਮੈਂਬਰ ਪੁਲਿਸ ਸੁਪਰਡੈਂਟ ਦੇ ਦਫ਼ਤਰ ਪਹੁੰਚੇ ਅਤੇ ਸ਼ਿਕਾਇਤ ਦਰਜ ਕਰਵਾਈ।ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਇੱਕ ਨੌਜਵਾਨ ਨੇ ਨਵੰਬਰ 1984 ਵਿਚ ਸਿੱਖਾਂ ਦੇ ਕੀਤੇ ਗਏ ਕਤਲੇਆਮ ਦਾ ਹਵਾਲਾ ਦਿੰਦੇ ਹੋਏ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਪੋਸਟ ਕੀਤਾ। ਵੀਡੀਓ ਵਿਚ ਉਸਨੇ ਸਿੱਖ ਭਾਈਚਾਰੇ ਦੇ ਗਲੇ ਵਿੱਚ ਟਾਇਰ ਪਾ ਕੇ ਉਨ੍ਹਾਂ ਨੂੰ ਜ਼ਿੰਦਾ ਸਾੜਨ ਦੀ ਧਮਕੀ ਦਿੱਤੀ। ਨਾਲ ਹੀ ਓਸ ਨੇ ਸਿੱਖ ਧਾਰਮਿਕ ਚਿੰਨ੍ਹਾਂ ਦਾ ਵੀ ਅਪਮਾਨ ਕਰਦਿਆਂ ਸਿੱਖਾਂ ਦੀ ਦਾੜ੍ਹੀ ਅਤੇ ਵਾਲ ਕੱਟਣ ਦੀ ਧਮਕੀ ਵੀਂ ਦਿੱਤੀ। ਸ਼ਿਕਾਇਤਕਰਤਾਵਾਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਦੋਵਾਂ ਭਾਈਚਾਰਿਆਂ ਵਿਚਕਾਰ ਦੁਸ਼ਮਣੀ ਪੈਦਾ ਕਰਨ ਦੇ ਇਰਾਦੇ ਨਾਲ ਕੀਤੀ ਗਈ ਸੀ। ਇਸ ਧਮਕੀ ਨੇ ਸੂਬੇ ਭਰ ਦੇ ਸਿੱਖ ਭਾਈਚਾਰੇ ਵਿਚ ਰੋਸ ਪੈਦਾ ਕਰ ਦਿੱਤਾ ਹੈ। ਭਾਈਚਾਰਾ ਦੋਸ਼ੀਆਂ ਦੀ ਤੁਰੰਤ ਗ੍ਰਿਫ਼ਤਾਰੀ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕਰ ਰਿਹਾ ਹੈ। ਰਾਮਪੁਰ ਗੋਕੁਲ ਅਤੇ ਐਠਾਪੁਰ ਦੇ ਸਿੱਖ ਪ੍ਰਤੀਨਿਧੀਆਂ ਨੇ ਕਿਹਾ ਕਿ ਅਜਿਹੇ ਖਤਰਿਆਂ ਨੂੰ ਹੱਲ ਨਾ ਕਰਨ ਨਾਲ ਭਾਈਚਾਰੇ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੋਵੇਗੀ। ਵਫ਼ਦ ਵਿੱਚ ਅਰਜੁਨ ਸਿੰਘ, ਸ਼ਮਸ਼ੇਰ ਸਿੰਘ, ਕੁਲਵੰਤ ਸਿੰਘ, ਬਿੰਦਰਾ ਸਿੰਘ ਅਤੇ ਹਰਦੇਵ ਸਿੰਘ ਸਮੇਤ ਹੋਰ ਸ਼ਾਮਲ ਸਨ। ਪੁਲਿਸ ਸੁਪਰਡੈਂਟ ਸੰਕਲਪ ਸ਼ਰਮਾ ਨੇ ਮਾਮਲੇ ਵਿੱਚ ਜਲਦ ਕਾਰਵਾਈ ਕਰਣ ਦਾ ਭਰੋਸਾ ਦਿੱਤਾ ਹੈ।

ਆਵਾਜ਼ਿ ਕੌਮ AWAZE QAUM

# ਦੇਸ਼ ਭਗਤ ਪਰਿਵਾਰ ਦਾ ਲਾਡਲਾ ਪੁੱਤਰ : ਸ਼ਹੀਦ ਭਗਤ ਸਿੰਘ

**ਪਰਿਵਾਰ** ਦਾ ਮਹੌਲ ਬੱਚੇ ਦੇ ਭਵਿੱਖ ਦੀ ਦਿਸ਼ਾ ਤੈਅ ਕਰਦਾ ਹੈ।ਬੱਚਿਆਂ ਨੂੰ ਪਰਿਵਾਰ ਚੋਂ ਜਿਹੋ ਜਿਹੇ ਸੰਸਕਾਰ ਬਚਪਨ ਚ ਮਿਲਣਗੇ ਬੱਚਾ ਵੱਡਾ ਹੋ ਕੇ ਉਹੋ ਜਿਹਾ ਇਨਸਾਨ ਬਣ ਜਾਂਦਾ ਹੈ। ਗ.ਦਰ ਲਹਿਰ ਦੇ ਤਾਅ ਨਾਲ ਤਪ ਰਹੇ ਕਿਸ਼ਨ ਸਿੰਘ,ਅਜੀਤ ਸਿੰਘ ਦੇ ਪਰਿਵਾਰ ਦੇ ਇਨਕਲਾਬੀ ਸਾਂਚੇ ਵਿੱਚ ਢਲਿਆ ਭਗਤ ਸਿੰਘ ਰੂਪੀ ਲਾਡਲਾ ਪੁੱਤਰ ਇੱਕ ਦੇਸ਼ ਵਿਆਪੀ ਆਧਾਰ ਵਾਲੀ ਕ੍ਰਾਂਤੀਕਾਰੀ ਸ਼ਖ਼ਸੀਅਤ ਵਜੋਂ ਉੱਭਰਿਆ ਅਤੇ ਸ਼ਹੀਦਾਂ ਦੀ ਸੂਚੀ ਵਿਚ ਆਪਣਾ ਨਾਮ ਵੀ ਦਰਜ਼ ਕਰਵਾਇਆ। ਇਸ ਪਰਿਵਾਰ ਦੇ ਵਡੇਰਿਆਂ ਨੇ ਸਿੱਖ ਰਾਜ ਮੌਕੇ ਸਿੱਖ ਫੌਜ ਚ ਉੱਚੇ ਅਹੁਦੇ ਮਾਣੇ ਸਨ। ਸਿੱਖ ਰਾਜ ਖੋਹੇ ਜਾਣ ਬਾਅਦ ਉਹਨਾਂ ਨੂੰ ਅੰਗਰੇਜ਼ ਫ਼ੌਜਾਂ ਚ ਨਾ ਜਾਣ ਕਰਕੇ ਅਹੁਦੇ ਤਿਆਗਣੇ ਪਏ। ਇਸ ਪਰਿਵਾਰ ਦੇ ਵਡੇਰੇ ਫਤਹਿ ਸਿੰਘ ਨੂੰ ਸੂਰਤ ਸਿੰਘ ਮਜੀਠੀਆ ਨੇ ਖੁਸੀ ਹੋਈ ਜਾਗੀਰ ਵਾਪਸੀ ਦਾ ਲਾਲਚ ਦਿੰਦਿਆਂ ਅੰਗਰੇਜ਼ ਸਰਕਾਰ ਦੀ ਸੇਵਾ ਚ ਜਾਣ ਦਾ ਸੁਝਾਅ ਦਿੱਤਾ ਤਾਂ ਉਨ੍ਹਾਂ ਇਹ ਕਹਿੰਦਿਆਂ ਦੋ ਟੁਕ ਜਵਾਬ ਦੇ ਦਿੱਤਾ ਕਿ "ਉਹ ਆਪਣੇ ਦੇਸ਼ਵਾਸੀਆਂ ਵਿਰੁੱਧ ਲੜਣ ਨਾਲੋਂ ਆਪਣਾ ਕੁੱਝ ਗਵਾਉਣਾ ਬੇਹਤਰ ਸਮਝੇਗਾ ਕਿਉਂਕਿ ਮੈਂ ਗੁਰੂ ਗੋਬਿੰਦ ਸਿੰਘ ਦੇ ਆਜ਼ਾਦੀ ਲਈ ਲੜਣ ਦੇ ਅਸੂਲਾਂ ਨੂੰ ਬੇਦਾਵਾ ਨਹੀਂ ਦੇ ਸਕਦਾ।

ਇਸੇ ਪਰਿਵਾਰ ਦੇ ਖੇਮ ਸਿੰਘ ਦੇ ਤਿੰਨ ਪੁੱਤਰ ਅਰਜਨ ਸਿੰਘ,ਸੁਰਜਨ ਸਿੰਘ ਤੇ ਮੋਹਨ ਸਿੰਘ ਸਨ। ਮੋਹਨ ਸਿੰਘ (ਕ੍ਰਾਂਤੀਕਾਰੀ ਹਰੀ ਸਿੰਘ ਦਾ ਬਾਪ) ਤਾਂ ਖੇਤੀਬਾੜੀ ਚ ਹੀ ਰੁੱਝ ਗਿਆ ਸੀ।ਬਾਕੀ ਅਰਜਨ ਸਿੰਘ ਅਤੇ ਸੁਰਜਨ ਸਿੰਘ ਇਲਾਕੇ ਦੇ ਮੋਹਰੀ ਬਣ ਕੇ ਸਮਾਜ ਸੇਵਾ ਕਰਦੇ ਸਨ। ਕਾਂਗਰਸ ਦੇ 1893 ਵਾਲੇ ਲਾਹੌਰ ਸਮਾਗਮ ਜੋ ਦਾਦਾ ਭਾਈ ਨੈਰੋਜੀ ਦੀ ਪ੍ਰਧਾਨਗੀ ਹੇਠ ਹੋਇਆ ਸੀ ਵਿਚ ਦੋਨੋ ਭਾਈ ਜਲੰਧਰ ਜ਼ਿਲ੍ਹੇ ਦੇ ਡੈਲੀਗੇਟ ਬਣ ਕੇ ਜਲੰਧਰ ਤੋਂ ਲਾਹੌਰ ਤੱਕ ਦਾਦਾ ਭਾਈ ਨੈਰੋਜੀ ਨਾਲ ਟਰੇਨ ਚ ਇਕੱਠੇ ਬੈਠ ਕੇ ਗਏ ।ਅਰਜਨ ਸਿੰਘ ਦੇਸ਼ ਭਗਤ ਬਣਿਆ ਰਿਹਾ ਪਰ ਸੁਰਜਨ ਸਿੰਘ ਪਲੇਗ ਦੀ ਬਿਮਾਰੀ ਸਮੇਂ ਰੋਗੀਆਂ ਦੇ ਨਵੇਂ ਘਰ ਬਣਾਉਣ ਤੋਂ ਬਗੈਰ ਹੀ ਢਾਹੁਣ ਅਤੇ ਸਾੜਨ ਸਮੇਂ ਆਪਣੇ ਭਰਾ ਅਰਜਨ ਸਿੰਘ ਦੇ ਉਲਟ ਬ੍ਰਿਟਿਸ਼ ਡਿਪਟੀ ਕਮਿਸ਼ਨਰ ਹੱਕ ਵਿੱਚ ਖੜ੍ਹਾ ਸੀ ।ਇਸ ਤੋਂ ਬਾਅਦ ਉਹ ਪੱਕਾ ਅੰਗਰੇਜ਼ ਭਗਤ ਬਣ ਗਿਆ।ਉਸ ਦਾ ਪੁੱਤਰ ਦਿਲਬਾਗ ਸਿੰਘ ਨੂੰ ਆਰਡਰ ਆਫ ਬ੍ਰਿਟਿਸ਼ ਐਮਪਾਇਰ ਦਾ ਖ਼ਿਤਾਬ ਪ੍ਰਾਪਤ ਕੀਤਾ। ਜਦ ਜੈਤੋ ਮੋਰਚਾ ਚ ਸ਼ਾਮਲ ਹੋਣ ਜਾ ਰਿਹਾ ਤੇਰਵਾਂ ਸ਼ਹੀਦੀ ਜੱਥਾ ਬੰਗੇ ਵਿਚੋਂ ਲੰਘਣਾ ਸੀ। ਇਹੀ ਦਿਲਬਾਗ ਸਿੰਘ ਨੇ ਮੁਨਾਦੀ ਕਰਵਾਈ ਸੀ ਕਿ ਜੱਥੇ ਨੂੰ ਲੰਗਰ -ਪਾਣੀ, ਵਿਸ਼ਰਾਮ ਆਦਿ ਜਾਂ ਕੋਈ ਸਵਾਗਤ ਆਦਿ ਨਾ ਕੀਤਾ ਜਾਵੇ। ਕਿਸ਼ਨ ਸਿੰਘ ਬੰਬਈ ਗਿਆ ਹੋਣ ਕਰਕੇ ਭਗਤ ਸਿੰਘ ਨੇ ਹੀ ਜੱਥੇ ਦਾ ਸਵਾਗਤ ਅਤੇ ਲੰਗਰ ਦਾ ਪ੍ਰਬੰਧ ਕੀਤਾ ਅਤੇ ਜੋਸ਼ੀਲਾ ਭਾਸ਼ਣ ਵੀ ਦਿੱਤਾ। ਇਹ ਸਵਾਗਤ,ਲੰਗਰ ਅਤੇ ਭਾਸਣ ਦੀਆਂ ਰਿਪੋਰਟਾਂ ਸੁਣ ਕੇ ਇਹੀ ਦਿਲਬਾਗ ਸਿੰਘ ਨੇ ਭਗਤ ਸਿੰਘ ਦੇ ਇਸ ਕੰਮ ਨੂੰ ਆਪਣੀ ਹੇਠੀ ਸਮਝਦਿਆ ਅੰਗਰੇਜ਼ ਸਰਕਾਰ ਤੋਂ ਮਿਲੀਆਂ ਮੈਜਿਸਟਰੇਟੀ ਪਾਵਰਾਂ ਵਰਤਦਿਆਂ ਭਗਤ ਸਿੰਘ (ਰਿਸ਼ਤੇ ਚ ਆਪਣੇ ਭਤੀਜੇ) ਦੀ ਗ੍ਰਿਫਤਾਰੀ ਦੇ ਵਾਰੰਟ ਕਢਵਾਏ ਸਨ। ਯਾਦ ਰਹੇ ਕਿ ਗੁਰਦੁਆਰਾ ਸੁਧਾਰ ਲਹਿਰ ਦੇ ਅੰਦੋਲਨ ਦੇ ਅਪ੍ਰੈਲ 1925ਚ ਮੁੱਕਣ ਤੱਕ ਸਾਰੇ ਸੱਤਿਆਗ੍ਰਿਹੀ ਰਿਹਾਅ ਕਰ ਦਿਤੇ ਸਨ ਪਰ ਦਿਲਬਾਗ ਸਿੰਘ ਦੀ ਪਹੁੰਚ ਕਾਰਨ ਕੇਵਲ ਭਗਤ ਸਿੰਘ ਦੇ ਵਾਰੰਟ ਕਈ ਮਹੀਨੇ ਤੱਕ ਵਾਪਿਸ ਨਹੀਂ ਲਏ ਗਏ।

ਅਰਜਨ ਸਿੰਘ ਬਿਰਧ ਅਵਸਥਾ ਵਿਚ ਵੀ ਜਵਾਨ ਸਨ ।ਉਹਨਾ ਦੇ ਭਤੀਜੇ ਹਰੀ ਸਿੰਘ ਸਪੁੱਤਰ ਮੋਹਨ ਸਿੰਘ ਨੇ ਉਹਨਾਂ ਦੀ ਅਗਵਾਈ ਚ ਹੀ ਆਪਣੇ ਸਾਥੀਆਂ ਨਾਲ ਰਲ ਕੇ ਬੰਬ ਬਣਾਇਆ ਸੀ ਜੋਂ ਪ੍ਰੀਖਣ ਸਮੇਂ ਹੀ ਫਟ ਗਿਆ ਸੀ।ਆਪਣੇ ਪਰਿਵਾਰ ਵਿੱਚ ਆਏ ਦੁਖਾਂ ਦਾ ਸਾਹਮਣਾ ਕਰਨਾ ਪਿਆ ।ਉਹ ਪੁੱਤਰ,ਪੋਤਰੇ ਤੱਕ ਦੀਆਂ ਕੁਰਬਾਨੀਆਂ ਜਰ ਰਹੇ ਸਨ ਅਤੇ ਭਗਤ ਸਿੰਘ ਦੀ ਸ਼ਹਾਦਤ ਤੋਂ ਸਵਾ ਸਾਲ ਬਾਅਦ ਉਹਨਾਂ ਦੀ ਮੌਤ ਹੋਈ।

ਅਰਜਨ ਸਿੰਘ ਨੇ ਆਪਣੇ ਪੁੱਤਰ ਕਿਸ਼ਨ ਸਿੰਘ ( ਪਿਤਾ ਸ਼ਹੀਦ ਭਗਤ ਸਿੰਘ) ਨੂੰ ਬਰਾਰ ਵਿਖੇ ਹੜ੍ਹ ਪੀੜਤਾਂ ਦੀ ਮਦਦ ਲਈ ਬਰਾਬਰ ਭੇਜਿਆ, 1900 ਵਿਚ ਗੁਜਰਾਤ ਚ ਕਾਲ਼ ਸਮੇਂ,1904 ਚ ਕਾਂਗੜਾ ਚ ਭੂਚਾਲ ਸਮੇਂ 1905 ਚ ਕਸ਼ਮੀਰ ਦੇ ਹੜ੍ਹਾਂ ਸਮੇਂ ਕਿਸ਼ਨ ਸਿੰਘ ਨੂੰ ਭੇਜਦੇ ਰਹੇ।ਫਿਰੋਜ਼ਪੁਰ ਵਿਖੇ ਅਨਾਥ ਆਸ਼ਰਮ ਖੁਲਵਾਇਆ।

ਅਰਜਨ ਸਿੰਘ ਦਾ ਦੂਸਰਾ ਬੇਟਾ ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ) ਦੇਸ਼ ਦੀ ਆਜ਼ਾਦੀ ਲਈ ਪੂਰੇ ਭਾਰਤ ਚ 1857 ਵਾਂਗ ਲੜਾਈ ਛੇੜਨ ਲਈ ਤਿਆਰੀ ਕਰਨ ਦੀ ਪ੍ਰੇਰਨਾ ਦੇ ਰਿਹਾ ਸੀ।ਉਸ ਨੂੰ ਕਸ਼ਮੀਰ ਅਤੇ ਬੜੌਦਾ ਦੇ ਮਹਾਰਾਜਿਆਂ ਵੱਲੋਂ ਆਰਥਿਕ ਮਦਦ ਵੀ ਮਿਲੀ। ਕਿਸ਼ਨ ਸਿੰਘ,ਅਜੀਤ ਸਿੰਘ ਅਤੇ ਨੰਦ ਕਿਸ਼ੋਰ ਮਹਿਤਾ ਨੇ ਭਾਰਤ ਮਾਤਾ ਸੋਸਾਇਟੀ ਬਣਾ ਕੇ ਪੈਂਫਲਿਟ ਰਾਹੀਂ ਇਨਕਲਾਬੀ ਸਾਹਿਤ ਵੰਡਿਆ ਅਤੇ ਲੋਕ ਚੇਤਨਾ ਪੈਦਾ ਕੀਤੀ। ਨਿਊ ਕਲੋਨੀ ਐਕਟ ਅਤੇ ਲਗਾਨ ਵਧਾਉਣ ਵਿਰੁੱਧ ਅੰਦੋਲਨ ਸਮੇਂ ਵਿਰੋਧ ਪ੍ਰਦਰਸ਼ਨ ਸਮੇਂ ਅਜੀਤ ਸਿੰਘ ਦੇ ਭਾਸ਼ਣਾ ਤੋਂ ਡਰਦਿਆਂ ਅੰਗਰੇਜ਼ ਸਰਕਾਰ ਨੂੰ ਸਰਕੂਲਰ ਕੱਢਣਾ ਪਿਆ ਕਿ ਜਨਤਾ ਨੂੰ ਅਜੀਤ ਸਿੰਘ ਦੇ ਭਾਸ਼ਣਾ ਨੂੰ ਸੁਣਨ ਤੋਂ ਰੋਕਿਆ ਜਾਵੇ। ਲਾਜਪਤ ਰਾਏ ਦੇ ਇਕ ਭਾਸ਼ਣ ਤੋਂ ਸਪੱਸ਼ਟ ਹੈ ਕਿ" ਸਰਦਾਰ ਅਜੀਤ ਸਿੰਘ ਦਾ ਅਸਲੀ ਉਦੇਸ਼ ਕਿਸਾਨ ਅੰਦੋਲਨ ਨੂੰ ਪਰੀ ਤਰ੍ਹਾਂ ਭੜਕਾਅ ਕੇ ਬ੍ਰਿਟਿਸ਼ ਸਾਮਰਾਜਵਾਦ ਦੇ ਖ਼ਿਲਾਫ਼ ਭਖਦਾ ਹੋਇਆ ਕਰਾਂਤੀਕਾਰੀ ਅੰਦੋਲਨ ਬਣਾ ਦੇਣਾ ਸੀ, ਸਰਦਾਰ ਜੀ ਕੋਈ ਸਮਝੌਤਾ ਨਹੀਂ ਸੀ ਚਾਹੁੰਦੇ ਬਲਕਿ ਉਹ ਤਾਂ ਅੰਗਰੇਜ਼ੀ ਰਾਜ ਦਾ ਮੁਕੰਮਲ ਖਾਤਮਾਂ ਚਾਹੁੰਦੇ ਸਨ।" ਪੰਜਾਬ ਦੇ ਮਨ ਗਵਰਨਰ ਨੇ ਵਾਇਸਰਾਏ ਲਾਰਡ ਹਾਰਡਿੰਗ ਨੂੰ ਲਿਖਿਆ ਪੰਜਾਬ ਵਿਚ ਗਦਰ ਹੋਣ ਵਾਲਾ ਹੈ ਤੇ ਉਸਦੀ ਅਗਵਾਈ ਸਰਦਾਰ ਅਜੀਤ ਸਿੰਘ ਤੇ ਉਹਨਾਂ ਦੀ ਪਾਰਟੀ ਕਰੇਗੀ। ਬਗ.ਾਵਤ ਨੂੰ ਰੋਕਣ ਦਾ ਪ੍ਰਬੰਧ ਕਰੋ।" ਇਸ ਕਾਰਨ 7 ਮਈ 1907 ਨੂੰ ਸਰਦਾਰ ਅਜੀਤ ਸਿੰਘ ਨੂੰ ਮਾਂਡਲੇ ਜੇਲ੍ਹ ਭੇਜ ਦਿੱਤਾ ਸੀ। ਇਹਨਾਂ ਦੇ ਘਰੋਂ ਤਲਾਸ਼ੀ ਮੌਕੇ ਗ.ਦਰੀ ਸਾਹਿਤ ਮਿਲਿਆ ਜਿਸ ਨੂੰ ਥਾਣੇ ਪਹੁਚਾਉਣ ਲਈ ਸੱਤ ਊਠ ਵਰਤੇ ਗਏ।




ਭਗਤ ਸਿੰਘ ਦਾ ਦੂਸਰਾ ਚਾਚਾ ਸਵਰਨ ਸਿੰਘ ਅੰਗਰੇਜ਼ ਸਰਕਾਰ ਦੀਆਂ ਅੱਖਾਂ ਚ ਰੜਕਦਾ ਸੀ। ਭਗਤ ਸਿੰਘ ਦੇ ਛੋਟੇ ਚਾਚੇ ਸਵਰਨ ਸਿੰਘ ਨੇ, ਅਜੀਤ ਸਿੰਘ ਦੀ ਗਿਰਫਤਾਰੀ ਪਿੱਛੋਂ, ਅੰਗਰੇਜ਼ ਸਰਕਾਰ ਵਿਰੁੱਧ ਗਰਮਾ-ਗਰਮ ਲੇਖ ਲਿਖੇ ਤੇ ਗੁਪਤ ਰੂਪ ਵਿਚ ਛਪਵਾ ਕੇ ਜਨਤਾ ਵਿਚ ਵੰਡੇ। 20 ਜੁਲਾਈ 1907 ਨੂੰ ਡੇਢ ਸਾਲ ਦੀ ਸਜ਼ਾ ਕਰ ਦਿੱਤੀ ਸੀ ਪਰ ਉਸ ਨੂੰ ਜਿਸ ਦਿਨ ਰਿਹਾਅ ਕਰ ਦਿੱਤਾ ਉਸ ਦਿਨ ਹੀ ਭਗਤ ਸਿੰਘ ਦਾ ਜਨਮ ਹੋਇਆ ਸੀ। ਸਵਰਣ ਸਿੰਘ ਤੋਂ ਜੇਲ੍ਹ ਵਿਚ ਘਟੀਆ ਖੁਰਾਕ ਮਿਲਣ ਅਤੇ ਚੱਕੀ ,ਕੋਹਲੂ ਦੀ ਸਖ਼ਤ ਮੁਸ਼ੱਕਤ ਕਾਰਨ ਤਪਦਿਕ ਦਾ ਰੋਗ ਲੱਗ ਗਿਆ ।ਘਰੋਂ ਮਿਲ਼ਦੀ ਚੰਗੀ ਖੁਰਾਕ ਅਤੇ ਵਧੀਆ ਇਲਾਜ ਨਾਲ ਵੀ ਉਸਨੂੰ ਬਚਾਇਆ ਨਹੀਂ ਜਾ ਸਕਿਆ। ਉਸ ਦੀ 23 ਸਾਲ ਦੀ ਉਮਰ ਵਿੱਚ ਮੌਤ ਹੋ ਗਈ।

ਜਿਥੇ ਅਰਜਨ ਸਿੰਘ ਕਾਂਗਰਸ, ਕਿਸਾਨ ਲਹਿਰ ਅਤੇ ਗ.ਦਰ ਲਹਿਰ ਦੇ ਆਗੂਆਂ ਨਾਲ ਜੁੜਿਆ ਹੋਇਆ ਸੀ ਉੱਥੇ ਉਹ ਸਮਾਜ ਸੁਧਾਰਕ ਹੋਣ ਕਰਕੇ ਆਰੀਆ ਸਮਾਜ ਨਾਲ ਜੁੜਿਆ ਹੋਇਆ ਸੀ,ਉਹ 1893 ਦੇ ਕਾਂਗਰਸ ਦੇ ਲਹੌਰ ਸਮਾਗ.ਮ ਵਿਚ ਆਪਣੇ ਭਰਾ ਸੁਰਜਨ ਸਿੰਘ ਨਾਲ ਹਿੱਸਾ ਲੈਣ ਗਿਆ ਸੀ। ਅਰਜਨ ਸਿੰਘ ਦੇ ਤਿੰਨ ਪੁੱਤਰ ਹੋਏ ਕਿਸ਼ਨ ਸਿੰਘ,ਅਜੀਤ ਸਿੰਘ ਅਤੇ ਸਵਰਨ ਸਿੰਘ । ਅਰਜਨ ਸਿੰਘ ਗੁਰਦੁਆਰਾ ਸੁਧਾਰ ਲਹਿਰ ਤੋਂ ਵੀ ਪ੍ਰਭਾਵਿਤ ਹੋਇਆ ਉਸ ਨੇ ਪਿੰਡ ਵਿੱਚ ਅੱਗੇ ਹੋ ਕੇ ਦੋ ਖੂਹ ਬਣਵਾਏ ਅਤੇ ਇੱਕ ਗੁਰਦੁਆਰਾ ਸਾਹਿਬ ਸਥਾਪਤ ਕੀਤਾ ।ਅਕਾਲੀਆਂ ਵਾਂਗ ਕਾਲ਼ੀ ਪੱਗ ਵੀ ਬੰਨ੍ਹਣ ਲੱਗਾ।ਉਸ ਨੇ ਅਜੀਤ ਸਿੰਘ ਅਤੇ ਕਿਸ਼ਨ ਸਿੰਘ ਨੂੰ ਹੋਲਾ ਮਹੱਲਾ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਪਾਨ ਵੀ ਕਰਵਾਇਆ।



ਉਹਨਾਂ ਦੀ ਪਤਨੀ (ਸ਼ਹੀਦ ਭਗਤ ਸਿੰਘ ਦੀ ਦਾਦੀ) ਸ੍ਰੀਮਤੀ ਜੈ ਕੌਰ ਦੀ ਸਿੱਖ ਧਰਮ ਵਿਚ ਬਹੁਤ ਆਸਥਾ ਸੀ। ਯੱਗੋਪਵੀਤ ਸਮੇਂ ਉਸ ਨੇ ਆਪਣੇ ਪੋਤਰਿਆਂ ਜਗਤ ਅਤੇ ਭਗਤ ਦੇ ਕੇਸ ਨਹੀਂ ਕਟਵਾਉਣ ਦਿੱਤੇ ਸਨ।

ਅਜੀਤ ਸਿੰਘ, ਕਿਸ਼ਨ ਸਿੰਘ ਅਤੇ ਸਵਰਨ ਸਿੰਘ ਤਿੰਨੇ ਹੀ ਭਰਾ ਰਾਜਨੀਤੀ ਚ ਸਰਗਰਮ ਸਨ ।ਇਹਨਾਂ ਨੂੰ 1907 ਚ ਗ੍ਰਿਫ਼ਤਾਰ ਕਰ ਲਿਆ ਗਿਆ ।ਇਹ ਇਕ ਕਰਾਮਾਤੀ ਸੰਯੋਗ ਹੀ ਸੀ ਕਿ ਪਰਿਵਾਰ ਨੂੰ ਇਹਨਾਂ ਤਿੰਨਾਂ ਦੀ ਰਿਹਾਈ ਦੀ ਸੂਚਨਾ 28 ਸਤੰਬਰ 1907 ਨੂੰ ਹੀ ਮਿਲੀ ।ਇਸੇ ਦਿਨ ਹੀ ਮਾਤਾ ਵਿਦਿਆਵਤੀ ਸੁਪਤਨੀ ਸਰਦਾਰ ਕਿਸ਼ਨ ਸਿੰਘ ਦੀ ਕੁੱਖੋਂ ਭਗਤ ਸਿੰਘ ਦਾ ਜਨਮ ਹੁੰਦਾ ਹੈ ।ਇਸ ਸ਼ੁਭ ਮੌਕੇ 'ਤੇ, ਭਗਤ ਸਿੰਘ ਦੇ ਘਰ ਵਿੱਚ ਖੁਸ਼ੀ ਹੋਰ ਵੀ ਵੱਧ ਗਈ। ਭਗਤ ਸਿੰਘ ਦੇ ਜਨਮ ਤੋਂ ਬਾਅਦ, ਉਨ੍ਹਾਂ ਦੀ ਦਾਦੀ ਨੇ ਉਨ੍ਹਾਂ ਦਾ ਨਾਮ 'ਭਾਗਾਂ ਵਾਲਾ' ਰੱਖਿਆ। ਜਿਸਦਾ ਅਰਥ ਹੈ 'ਸ਼ੁਭ ਕਿਸਮਤ ਵਾਲਾ'। ਬਾਅਦ ਵਿੱਚ ਉਹ 'ਭਗਤ ਸਿੰਘ' ਦੇ ਨਾਮ ਨਾਲ ਜਾਣੇ ਜਾਣ ਲੱਗੇ।

ਕ੍ਰਾਂਤੀਕਾਰੀ ਪਰਿਵਾਰ ਚ ਪਲ ਰਿਹਾ ਭਗਤ ਸਿੰਘ ਵੱਡਾ ਹੋ ਕੇ ਵੱਡਾ ਕ੍ਰਾਂਤੀਕਾਰੀ ਹੀ ਬਣਨਾ ਸੀ। ਉਤਰ ਪ੍ਰਦੇਸ਼ ਦਾ ਉੱਘਾ ਲੇਖਕ ਹੰਸਰਾਜ ਰਹਿਬਰ ਆਪਣੀ ਪ੍ਰਸਿੱਧ ਕਿਤਾਬ ਭਗਤ ਸਿੰਘ: ਇੱਕ ਮਘਦਾ ਇਨਕਲਾਬ ਵਿਚ ਲਿਖਦੇ ਹਨ, "ਬੁੱਧੀ ਤੇਜ਼ ਸੀ ਤੇ ਗਿਆਨ ਦੀ ਗੰਗਾ ਘਰੇ ਪਹਿਲਾਂ ਹੀ ਵਹਿ ਰਹੀ ਸੀ। ਭਗਤ ਸਿੰਘ ਆਪਣੇ ਨਾਲ ਪੜ੍ਹਨ ਵਾਲੇ ਬੱਚਿਆਂ ਵਿਚ ਸਭਤੋਂ ਅੱਗੇ ਸਨ। ਪੜ੍ਹਾਈ ਦਾ ਏਨਾ ਸ਼ੌਕ ਸੀ ਕਿ ਸਕੂਲ ਦੀਆਂ ਕਿਤਾਬਾਂ ਦੇ ਇਲਾਵਾ ਜੋ ਕੁਝ ਹੱਥ ਆਉਂਦਾ, ਉਹ ਸਭ ਪੜ੍ਹ ਲੈਂਦੇ। ਲਿਖਿਆ ਹੈ ਕਿ 'ਜਦੋਂ ਉਹ ਚੌਥੀ ਜਮਾਤ ਵਿਚ ਸਨ ਤਾ ਘਰ ਪਈਆਂ ਅਜੀਤ ਸਿੰਘ, ਲਾਲਾ ਹਰਦਿਆਲ ਤੇ ਸੂਫ਼ੀ ਅੰਬਾ ਪਰਸਾਦ ਦੀਆਂ ਲਿਖੀਆਂ ਛੋਟੀਆਂ-ਛੋਟੀਆਂ ਪੰਜਾਹ ਕੁ ਪੁਸਤਕਾਂ ਪੜ੍ਹ ਲਈਆਂ ਸਨ । ਘਰੇ ਪੁਰਾਣੇ ਅਖ਼ਬਾਰਾਂ ਦੀਆਂ ਫਾਈਲਾਂ ਵੀ ਪਈਆਂ ਸਨ। ਉਹਨਾਂ ਵਿਚ ਅਜੀਤ ਸਿੰਘ ਤੇ ਲਾਜਪਤ ਰਾਏ ਦੇ ਦੇਸ਼ ਨਿਕਾਲੇ ਤੇ ਢੀਂਗਰਾ ਦੁਆਰਾ ਕਰਜਨ ਵਿਲੀ ਦੀ ਹੱਤਿਆ ਆਦੀ ਦੇ ਰਾਜਨੀਤਕ ਕਾਂਢ ਦੇ ਸਮਾਚਾਰ ਸਨ। ਉਹਨਾਂ, ਉਹ ਸਭ ਪੜ੍ਹੇ।"

ਜਦ ਨਨਕਾਣਾ ਸਾਹਿਬ ਦਾ ਸਾਕਾ ਹੋਇਆ ਤਾਂ ਪੰਜਾਬ ਭਰ ਚ ਰੋਸ ਫੈਲਿਆ। ਫਿਲੌਰ ਨੇੜੇ ਮੁਠੱਡਾ ਪਿੰਡ ਚ ਜੋਂ ਸਮਾਗ.ਮ ਹੋਇਆ ਤਾਂ ਮੁੱਛ -ਫੁੱਟ ਗੱਭਰੂ ਭਗਤ ਸਿੰਘ ਆਪਣੇ ਪਰਿਵਾਰ ਨਾਲ ਇਥੇ ਵੀ ਪਹੁੰਚਿਆ ।ਘਰ ਗਿਆ ਤਾਂ ਭੈਣ ਅਮਰ ਕੌਰ ਪੋਥੀ ਤੋਂ ਪਾਠ ਕਰ ਰਹੀ ਸੀ ਤਾਂ ਭਗਤ ਸਿੰਘ ਨੇ ਪੁੱਛਿਆ ," ਅਮਰੋ ਕੀ ਪੜ੍ਹਦੀ ਹੈ ? ਉਹ ਕਹਿੰਦੀ ਵੀਰੇ,ਮੈਂ ਪੰਜ ਗ੍ਰੰਥੀ ਪੜ੍ਹਦੀ ਆਂ,ਆ ਜਾ ਤੂੰ ਵੀ ਪੜ੍ਹ ।÷ਨਹੀਂ ਭੈਣੇ, "ਮੈਂ ਬੀੜ ਸਾਹਿਬ ਪੜ੍ਹ ਆਇਆਂ।" ਭਗਤ ਸਿੰਘ ਨੇ ਕਿਹਾ। ਮੁਠੱਡਾ ਪਿੰਡ ਚ ਗੁਰੂ ਗ੍ਰੰਥ ਸਾਹਿਬ ਦੀ ਉਸ ਬੀੜ ਦਾ ਪ੍ਰਕਾਸ਼ ਹੋਇਆ ਸੀ ਜਿਸ ਨੂੰ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਮਹੰਤ ਨਰੈਣ ਸਿੰਘ ਦੇ ਬੰਦਿਆਂ ਨੇ ਗੋਲੀਆਂ ਮਾਰੀਆਂ ਸਨ। ਭਗਤ ਸਿੰਘ ਆਪਣੇ ਪਿਤਾ ਜੀ ਨਾਲ ਸੰਗਤਾਂ ਦੁਆਰਾ ਕਰਵਾਏ ਸ਼ਹੀਦੀ ਸਮਾਗਮ ਵਿਚ ਇਸ ਬੀੜ ਨੂੰ ਵੇਖ ਕੇ ਆਇਆ ਸੀ ।ਇਸ ਬੀੜ ਦੇ ਦਰਸ਼ਨ ਸਾਰੇ ਪੰਜਾਬ ਚ ਕਰਵਾ ਕੇ ਮਹੰਤਾਂ ਦੇ ਸੰਗਤਾਂ ਉਪਰ ਕਰੇ ਜ਼ੁਲਮਾਂ ਨੂੰ ਦਰਸਾਇਆ ਗਿਆ ਸੀ। ਘਰ ਆ ਕੇ ਆਪਣੀ ਦਾਦੀ ਨੂੰ ਦੱਸਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਗੋਲੀਆਂ ਇਸ ਲਈ ਮਾਰੀਆਂ ਹਨ ਕਿਉਂਕਿ ਗੁਰੂ ਗ੍ਰੰਥ ਸਾਹਿਬ ਸਿਖਿਆ ਰਾਹੀਂ ਸਾਨੂੰ ਇਨਕਲਾਬੀ ਮਨੁੱਖ ਬਣਾਉਣ ਦਾ ਕੰਮ ਕਰਦਾ । ਬੀੜ ਸਾਹਿਬ ਨੂੰ ਪੜ੍ਹਨ ਦਾ ਭਾਵ ਭਗਤ ਸਿੰਘ ਦੀਆਂ ਉਪਰੋਕਤ ਗੱਲਾਂ ਚੋਂ ਸਮਝ ਆ ਜਾਂਦਾ ਹੈ ਕਿ ਮੈਂ ਗੁਰੂ ਦਾ ਇਸ ਸਮੇਂ ਹੁਕਮ ਕੀ ਹੈ ? ਮੈ ਸਮਝ ਲਿਆ ਹੈ ।ਇਸ ਘਟਨਾ ਤੋਂ ਭਗਤ ਸਿੰਘ ਦੀ ਸਮਕਾਲੀ ਹਾਲਾਤਾਂ ਤੇ ਪਕੜ ਅਤੇ ਸਮਝ ਦੇ ਨਾਲ ਨਾਲ ਵਿਸ਼ਲੇਸ਼ਣਾਤਮਿਕ ਸੂਝ ਦਾ ਪਤਾ ਚਲਦਾ ਹੈ।

1929 ਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਦੂਜੀ ਕਾਨਫਰੰਸ ਜਿਸਦੇ ਮੁੱਖ ਮਹਿਮਾਨ ਨੇਤਾ ਜੀ ਸੁਭਾਸ਼ ਚੰਦਰ ਬੋਸ ਸਨ,ਤੇ ਭਗਤ ਸਿੰਘ ਆਪ ਨੀ ਆ ਸਕਿਆ ਸੀ ਜੋਂ ਉਸ ਨੇ ਸੰਦੇਸ਼ ਭੇਜਿਆ ਸੀ ਉਸ ਚ ਜ਼ੋਰ ਦੇ ਕੇ ਕਿਹਾ ਸੀ ਕਿ ਇਹਨਾ ਵਿਦਿਆਰਥੀਆਂ ਨੇ ਅਜੇ ਬਹੁਤ ਵੱਡੇ ਕੰਮ ਕਰਨ ਦੀ ਆਸ ਰੱਖਦਿਆਂ ਕਿਹਾ ਸੀ ਕਿ ਅਸੀਂ ਵਿਦਿਆਰਥੀਆਂ ਨੂੰ ਬੰਬ, ਪਿਸਤੌਲ ਆਦਿ ਚੁੱਕਣ ਦੀ ਸਲਾਹ ਨੀ ਦੇ ਸਕਦੇ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਵੀ ਆਪਣੀਆਂ ਅੱਖਾਂ ਸਦਾ ਖੁੱਲੀਆਂ ਰੱਖਣ ਨੂੰ ਕਿਹਾ ਸੀ ਅਤੇ ਲੋੜ ਪੈਣ ਤੇ ਦੇਸ਼ ਦੇ ਹਿੱਤ ਚ ਜੂਝਣ ਦੀ ਵੀ ਨਸੀਹਤ ਦਿੱਤੀ ਸੀ। ਉਹ 14 ਸਾਲ ਦੀ ਉਮਰ ਤੋਂ ਹੀ ਪੰਜਾਬ ਦੇ ਇਨਕਲਾਬੀ ਸੰਗਠਨਾਂ ਵਿੱਚ ਕੰਮ ਕਰਨ ਲੱਗ ਪਏ। ਉਨ੍ਹਾਂ ਨੇ ਡੀ.ਏ.ਵੀ. ਸਕੂਲ ਤੋਂ ਨੌਵੀਂ ਜਮਾਤ ਦੀ ਪ੍ਰੀਖਿਆ ਪਾਸ ਕੀਤੀ। 1923 ਵਿੱਚ ਇੰਟਰਮੀਡੀਏਟ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਉਹ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਇੰਨੇ ਰੁੱਝ ਗਏ ਕਿ ਉਨ੍ਹਾਂ ਨੇ ਆਪਣਾ ਪੂਰਾ ਜੀਵਨ ਦੇਸ਼ ਨੂੰ ਸਮਰਪਿਤ ਕਰ ਦਿੱਤਾ। ਜਿਸ ਹਿੰਮਤ ਨਾਲ ਭਗਤ ਸਿੰਘ ਨੇ ਦੇਸ਼ ਦੀ ਆਜ਼ਾਦੀ ਲਈ ਸ਼ਕਤੀਸ਼ਾਲੀ ਬ੍ਰਿਟਿਸ਼ ਸਰਕਾਰ ਨਾਲ ਲੜਾਈ ਲੜੀ, ਉਹ ਹਮੇਸ਼ਾ ਨੌਜਵਾਨਾਂ ਲਈ ਇੱਕ ਮਹਾਨ ਰੋਲ ਮਾਡਲ ਰਹੇਗਾ। ਹਿੰਦੀ, ਉਰਦੂ, ਪੰਜਾਬੀ ਅਤੇ ਅੰਗਰੇਜ਼ੀ ਤੋਂ ਇਲਾਵਾ, ਭਗਤ ਸਿੰਘ ਬੰਗਾਲੀ ਵੀ ਜਾਣਦੇ ਸਨ। ਉਨ੍ਹਾਂ ਦੇ ਵਿਚਾਰਾਂ ਦਾ ਅੰਦਾਜ਼ਾ ਉਨ੍ਹਾਂ ਦੇ ਜੇਲ੍ਹ ਦੇ ਦਿਨਾਂ ਦੌਰਾਨ ਲਿਖੇ ਪੱਤਰਾਂ ਅਤੇ ਲੇਖਾਂ ਤੋਂ ਲਗਾਇਆ ਜਾ ਸਕਦਾ ਹੈ। ਉਨ੍ਹਾਂ ਨੇ ਭਾਸ਼ਾ, ਜਾਤ ਅਤੇ ਧਰਮ ਕਾਰਨ ਭਾਰਤੀ ਸਮਾਜ ਵਿੱਚ ਪੈਦਾ ਹੋਈਆਂ ਦੂਰੀਆਂ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਸਮਾਜ ਦੇ ਕਮਜ਼ੋਰ ਵਰਗ 'ਤੇ ਇੱਕ ਭਾਰਤੀ ਦੁਆਰਾ ਕੀਤੇ ਗਏ ਹਮਲੇ ਬਾਰੇ ਓਨੀ ਹੀ ਗੰਭੀਰਤਾ ਨਾਲ ਸੋਚਿਆ ਜਿੰਨਾ ਇੱਕ ਅੰਗਰੇਜ਼ ਦੁਆਰਾ ਕੀਤੇ ਗਏ ਅੱਤਿਆਚਾਰ। ਉਨ੍ਹਾਂ ਦਾ ਮੰਨਣਾ ਸੀ ਕਿ ਉਨ੍ਹਾਂ ਦੀ ਸ਼ਹਾਦਤ ਭਾਰਤੀ ਲੋਕਾਂ ਨੂੰ ਹੋਰ ਹਮਲਾਵਰ ਬਣਾ ਦੇਵੇਗੀ, ਪਰ ਜਦੋਂ ਤੱਕ ਉਹ ਜ਼ਿੰਦਾ ਰਹੇਗੀ, ਅਜਿਹਾ ਨਹੀਂ ਹੋਵੇਗਾ। ਇਸੇ ਕਰਕੇ ਉਸਨੇ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਵੀ ਮੁਆਫ਼ੀਨਾਮਾ ਲਿਖਣ ਤੋਂ ਇਨਕਾਰ ਕਰ ਦਿੱਤਾ।

13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿੱਚ ਹੋਏ ਜਲ੍ਹਿਆਂਵਾਲਾ ਬਾਗ ਕਤਲੇਆਮ ਦਾ ਭਗਤ ਸਿੰਘ ਦੀ ਸੋਚ 'ਤੇ ਇੰਨਾ ਡੂੰਘਾ ਪ੍ਰਭਾਵ ਪਿਆ ਕਿ ਉਸਨੇ ਲਾਹੌਰ ਦੇ ਨੈਸ਼ਨਲ ਕਾਲਜ ਤੋਂ ਆਪਣੀ ਪੜ੍ਹਾਈ ਛੱਡ ਦਿੱਤੀ ਅਤੇ ਭਾਰਤ ਦੀ ਆਜ਼ਾਦੀ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ ।ਕਾਕੋਰੀ ਮਾਮਲੇ ਵਿੱਚ ਰਾਮਪ੍ਰਸਾਦ 'ਬਿਸਮਿਲ' ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਹੋਰਾਂ ਨੂੰ ਕੈਦ ਕੀਤੇ ਜਾਣ ਤੋਂ ਭਗਤ ਸਿੰਘ ਇੰਨੇ ਪਰੇਸ਼ਾਨ ਸਨ ਕਿ ਉਹ ਚੰਦਰਸ਼ੇਖਰ ਆਜ਼ਾਦ ਦੀ ਪਾਰਟੀ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਵਿੱਚ ਸ਼ਾਮਲ ਹੋ ਗਏ ਅਤੇ ਇਸਨੂੰ ਇੱਕ ਨਵਾਂ ਨਾਮ 'ਹਿੰਦੁਸਤਾਨ ਸੋਸ਼ਿਲਸਟ ਰਿਪਬਲਿਕਨ ਐਸੋਸੀਏਸ਼ਨ' ਦਿੱਤਾ ।ਇਸ ਸੰਗਠਨ ਦਾ ਉਦੇਸ਼ ਅਜਿਹੇ ਨੌਜਵਾਨਾਂ ਨੂੰ ਤਿਆਰ ਕਰਨਾ ਸੀ ਜੋ ਸੇਵਾ ਕਰ ਸਕਣ, ਕੁਰਬਾਨੀ ਦੇ ਸਕਣ ਅਤੇ ਦਰਦ ਸਹਿ ਸਕਣ।

ਇਸ ਤੋਂ ਬਾਅਦ, ਭਗਤ ਸਿੰਘ ਨੇ ਰਾਜਗੁਰੂ ਨਾਲ ਮਿਲ ਕੇ 17 ਦਸੰਬਰ 1928 ਨੂੰ ਬ੍ਰਿਟਿਸ਼ ਅਫਸਰ ਜੇਪੀ ਸੈਂਡਰਸ, ਜੋ ਲਾਹੌਰ ਵਿੱਚ ਸਹਾਇਕ ਸੁਪਰਡੈਂਟ ਆਫ਼ ਪੁਲਿਸ ਸੀ, ਨੂੰ ਮਾਰ ਦਿੱਤਾ। ਇਨਕਲਾਬੀ ਚੰਦਰਸ਼ੇਖਰ ਆਜ਼ਾਦ ਨੇ ਵੀ ਇਸ ਕਾਰਵਾਈ ਵਿੱਚ ਉਸਦੀ ਮਦਦ ਕੀਤੀ। ਇਸ ਤੋਂ ਬਾਅਦ, ਭਗਤ ਸਿੰਘ ਨੇ ਆਪਣੇ ਇਨਕਲਾਬੀ ਦੋਸਤ ਬਟੁਕੇਸ਼ਵਰ ਦੱਤ ਨਾਲ ਮਿਲ ਕੇ 8 ਅਪ੍ਰੈਲ 1929 ਨੂੰ ਦਿੱਲੀ ਦੇ ਅਲੀਪੁਰ ਰੋਡ 'ਤੇ ਸਥਿਤ ਬ੍ਰਿਟਿਸ਼ ਭਾਰਤ ਦੀ ਕੇਂਦਰੀ ਅਸੈਂਬਲੀ ਦੇ ਅਸੈਂਬਲੀ ਹਾਲ ਵਿੱਚ ਬੰਬ ਅਤੇ ਪੈਂਫਲੇਟ ਸੁੱਟੇ ਤਾਂ ਜੋ ਬ੍ਰਿਟਿਸ਼ ਸਰਕਾਰ ਨੂੰ ਜਗਾਇਆ ਜਾ ਸਕੇ। ਬੰਬ ਸੁੱਟਣ ਤੋਂ ਬਾਅਦ, ਦੋਵਾਂ ਨੇ ਉੱਥੇ ਹੀ ਆਤਮ ਸਮਰਪਣ ਕਰ ਦਿੱਤਾ ।ਇਸ ਤੋਂ ਬਾਅਦ, 'ਲਾਹੌਰ ਸਾਜ਼ਿਸ਼' ਦੇ ਇਸ ਮਾਮਲੇ ਵਿੱਚ, ਭਗਤ ਸਿੰਘ ਅਤੇ ਉਨ੍ਹਾਂ ਦੇ ਦੋ ਹੋਰ ਸਾਥੀਆਂ, ਰਾਜਗੁਰੂ ਅਤੇ ਸੁਖਦੇਵ ਨੂੰ 23 ਮਾਰਚ 1931 ਨੂੰ ਇਕੱਠੇ ਫਾਂਸੀ ਦੇ ਦਿੱਤੀ ਗਈ ਸੀ। ਮੰਨਿਆ ਜਾਂਦਾ ਹੈ ਕਿ ਮੌਤ ਦੀ ਸਜ਼ਾ 24 ਮਾਰਚ ਦੀ ਸਵੇਰ ਨੂੰ ਨਿਰਧਾਰਤ ਕੀਤੀ ਗਈ ਸੀ, ਪਰ ਲੋਕਾਂ ਤੋਂ ਡਰੀ ਹੋਈ ਸਰਕਾਰ ਨੇ 23-24 ਮਾਰਚ ਦੀ ਅੱਧੀ ਰਾਤ ਨੂੰ ਇਨ੍ਹਾਂ ਨਾਇਕਾਂ ਦੀ ਜਾਨ ਲੈ ਲਈ ਅਤੇ ਰਾਤ ਦੇ ਹਨੇਰੇ ਵਿੱਚ ਸਤਲੁਜ ਦੇ ਕੰਢੇ ਉਨ੍ਹਾਂ ਦਾ ਸਸਕਾਰ ਵੀ ਕਰ ਦਿੱਤਾ। ਇਹ ਇੱਕ ਇਤਫ਼ਾਕ ਸੀ ਕਿ ਜਦੋਂ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ ਅਤੇ ਦੁਨੀਆਂ ਤੋਂ ਚਲੇ ਗਏ, ਤਾਂ ਉਨ੍ਹਾਂ ਦੀ ਉਮਰ 23 ਸਾਲ, 5 ਮਹੀਨੇ ਅਤੇ 23 ਦਿਨ ਸੀ ਅਤੇ ਦਿਨ ਵੀ 23 ਮਾਰਚ ਦਾ ਸੀ। ਫਾਂਸੀ ਤੋਂ ਪਹਿਲਾਂ, ਭਗਤ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ ਇੱਕ ਪੱਤਰ ਵੀ ਲਿਖਿਆ ਸੀ, ਜਿਸ ਵਿੱਚ ਉਸਨੇ ਕਿਹਾ ਸੀ ਕਿ ਉਸਨੂੰ ਜੰਗੀ ਕੈਦੀ ਮੰਨਿਆ ਜਾਣਾ ਚਾਹੀਦਾ ਹੈ, ਜੋ ਕਿ ਬ੍ਰਿਟਿਸ਼ ਸਰਕਾਰ ਵਿਰੁੱਧ ਭਾਰਤੀਆਂ ਦੀ ਲੜਾਈ ਦਾ ਪ੍ਰਤੀਕ ਹੈ ਅਤੇ ਉਸਨੂੰ ਫਾਂਸੀ ਦੇਣ ਦੀ ਬਜਾਏ ਗੋਲੀ ਮਾਰ ਦਿੱਤੀ ਜਾਣੀ ਚਾਹੀਦੀ ਹੈ, ਪਰ ਅਜਿਹਾ ਨਹੀਂ ਹੋਇਆ।

ਭਗਤ ਸਿੰਘ ਦੀ ਸ਼ਹਾਦਤ ਨੇ ਨਾ ਸਿਰਫ ਉਸਦੇ ਦੇਸ਼ ਦੇ ਆਜ਼ਾਦੀ ਸੰਗਰਾਮ ਨੂੰ ਗਤੀ ਦਿੱਤੀ ਬਲਕਿ ਉਹ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਵੀ ਬਣ ਗਏ ।ਉਹ ਦੇਸ਼ ਦੇ ਸਾਰੇ ਸ਼ਹੀਦਾਂ ਦੇ ਨੇਤਾ ਬਣ ਗਏ । ਭਾਰਤ ਅਤੇ ਪਾਕਿਸਤਾਨ ਦੇ ਲੋਕ ਉਸਨੂੰ ਇੱਕ ਆਜ਼ਾਦੀ ਪ੍ਰੇਮੀ ਵਜੋਂ ਦੇਖਦੇ ਹਨ ਜਿਸਨੇ ਆਪਣੀ ਜਵਾਨੀ ਸਮੇਤ ਆਪਣਾ ਪੂਰਾ ਜੀਵਨ ਦੇਸ਼ ਲਈ ਸਮਰਪਿਤ ਕਰ ਦਿੱਤਾ। ਉਸਦੇ ਜੀਵਨ 'ਤੇ ਆਧਾਰਿਤ ਕਈ ਹਿੰਦੀ ਫਿਲਮਾਂ ਵੀ ਬਣੀਆਂ ਹਨ, ਜਿਨ੍ਹਾਂ ਵਿੱਚ - ਦ ਲੈਜੇਂਡ ਆਫ਼ ਭਗਤ ਸਿੰਘ, ਸ਼ਹੀਦ, ਸ਼ਹੀਦ ਭਗਤ ਸਿੰਘ ਆਦਿ ਸ਼ਾਮਲ ਹਨ। ਅੱਜ ਵੀ ਪੂਰਾ ਦੇਸ਼ ਉਸਦੀ ਕੁਰਬਾਨੀ ਨੂੰ ਬਹੁਤ ਗੰਭੀਰਤਾ ਅਤੇ ਸਤਿਕਾਰ ਨਾਲ ਯਾਦ ਕਰਦਾ ਹੈ ।ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਊਧਮ ਸਿੰਘ ਉਰਫ ਮੁਹੰਮਦ ਸਿੰਘ ਆਜ਼ਾਦ ਵਿਚਕਾਰ ਸੰਘਰਸ਼ਮਈ ਕੜੀ ਹੈ ।ਕਰਤਾਰ ਸਿੰਘ ਸਰਾਭਾ ਵਾਂਗੂੰ ਜੋਸ਼,ਫੁਰਤੀ ਵੱਖ ਵੱਖ ਰਾਜਾਂ ਚ ਸੰਘਰਸ਼ ਦੀਆਂ ਕੜੀਆਂ ਜੋੜਨ ਦੀ ਮੁਹਾਰਤ ਭਗਤ ਸਿੰਘ ਵਿਚ ਸਾਫ਼ ਝਲਕਦੀ ਹੈ।

ਅਖੀਰ ਵਿਚ ਦੋ ਹੋਰ ਸਭ ਤੋਂ ਮਹੱਤਵਪੂਰਨ ਗੱਲਾਂ ਕਹਿਣੀਆਂ ਜ਼ਰੂਰੀ ਹਨ । ਪਹਿਲੀ- ਸਾਰੇ ਦੇਸ਼ ਭਗਤ ਪਹਿਲਾਂ ਵੰਦੇ ਮਾਤਰਮ ਦਾ ਨਾਅਰਾ ਹੀ ਲਾਉਂਦੇ ਸਨ ਪਰ ਭਗਤ ਸਿੰਘ ਨੇ ਨਵਾਂ ਨਾਅਰਾ ਦਿੱਤਾ ਸੀ- ਇਨਕਲਾਬ ਜ਼ਿੰਦਾਬਾਦ ।ਦੁਨੀਆਂ ਦੇ ਇਤਿਹਾਸ ਵਿਚ ਐਨਾ ਅਰਥਵਾਨ ਨਾਅਰਾ ਅੱਜ ਤੱਕ ਕੋਈ ਵੀ ਨਹੀਂ ਹੋਇਆ। ਉਹਨਾਂ ਇਹ ਸੰਕੇਤ ਦਿਤਾ ਕਿ ਭਾਰਤ ਤਾਂ ਸਿਰਫ ਆਪਣੇ ਇਸ ਮੁਕੰਮਲ ਤਬਦੀਲੀ ਦੇ ਅਮੁੱਲ ਨਾਅਰੇ ਸਦਕਾ ਹੀ ਸਹੀ ਰਾਜ ਪ੍ਰਬੰਧ ਵਾਲੇ ਦੇਸ਼ ਦਾ ਰੁਤਬਾ ਹਾਸਲ ਕਰ ਸਕਦਾ ਹੈ ।ਦੂਜੀ ਗੱਲ ਹੈ , ਉਨ੍ਹਾਂ ਦਾ ਬਹਾਦਰੀ ਅਤੇ ਦਲੇਰੀ ਨਾਲ ਆਪਣੇ ਦੇਸ਼ ਅਤੇ ਸਮਾਜ ਦੀ ਆਜ਼ਾਦੀ, ਖੁਸ਼ਹਾਲੀ ਦੇ ਸੁਪਨੇ ਸਿਰਜਦਿਆਂ ਖ਼ੁਸ਼ੀ- ਖ਼ੁਸ਼ੀ ਫਾਂਸੀ ਦੇ ਰੱਸੇ ਨੂੰ ਚੁੰਮਣਾ। ਇਸ ਮਹਾਨ ਕ੍ਰਾਂਤੀਕਾਰੀ ਸ਼ਹੀਦ ਲਈ ਆਖਰੀ ਸ਼ਬਦ

**ਇਨਕਲਾਬ ਜ਼ਿੰਦਾਬਾਦ !**

**ਭਗਤ ਸਿੰਘ ਜ਼ਿੰਦਾਬਾਦ !!**

ਹੀ ਢੁਕਵੇਂ ਹਨ।

**-ਪ੍ਰਭਜੀਤ ਸਿੰਘ ਰਸੂਲਪੁਰ**
9878023768
parabh9878023769@gmail.com

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਲੰਮੇ ਸਮੇਂ ਤੋਂ ਜੇਲ 'ਚ ਬੰਦ ਭਾਈ ਰਾਜੋਆਣਾ ਸਬੰਧੀ ਸੁਪਰੀਮ ਕੋਰਟ ਦਾ ਕੇਂਦਰ ਨੂੰ ਪੁੱਛਣਾ ਕਿ ਅਜੇ ਤੱਕ ਫਾਂਸੀ 'ਚ ਦੇਰੀ ਕਿਉਂ ?

# ਸੁਪਰੀਮ ਕੋਰਟ ਨੂੰ ਛੱਡਣ ਦੇ ਪੂਰੇ ਅਧਿਕਾਰ ਛੱਡਣਾ ਚਾਹੀਦਾ : ਭਾਈ ਵਿਰਸਾ ਸਿੰਘ ਖ਼ਾਲਸਾ





**ਜੰਡਿਆਲਾ ਗੁਰੂ, 27 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਭਾਈ ਬਲਵੰਤ ਸਿੰਘ ਰਾਜੋਆਣਾ 30 ਸਾਲ ਤੋਂ ਜੇਲ੍ਹ ਵਿਚ ਬੰਦ ਹਨ,12 ਸਾਲ ਪਹਿਲਾਂ ਰਾਜੋਆਣਾ ਨੂੰ ਫਾਂਸੀ ਤੇ ਲਟਕਾਇਆ ਜਾਣਾਂ ਸੀ ਅਤੇ ਇਸ ਰੋਕ ਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੀ ਤਰਫ਼ ਤੋਂ ਰਹਿਮ ਦੀ ਅਪੀਲ ਪਾਈ ਗਈ ਸੀ, ਉਸ ਸਮੇਂ ਤੋਂ ਲੈਕੇ ਹੁਣ ਤੱਕ ਸੁਪਰੀਮ ਕੋਰਟ ਕੇਂਦਰ ਸਰਕਾਰ ਨੂੰ ਕਈ ਵਾਰ ਕਹੇ ਚੁਕਿਆ ਹੈ ਕਿ ਰਾਜੋਆਣਾ ਸਬੰਧੀ ਤੁਹਾਡੀ ਕੀ ਰਾਏ ਹੈ ਪਰ ਕੇਂਦਰ ਸਰਕਾਰ ਗ੍ਰਹਿ ਮੰਤਰੀ ਇਹ ਕਹੇ ਰਹੇ ਹਨ ਕਿ ਜਿਸ ਨੂੰ ਆਪਣੇ ਕੀਤੇ ਕੋਈ ਪਛਤਾਵਾ ਨਹੀਂ ਉਹਨਾਂ ਕਿਸੇ ਵੱਲੋਂ ਪਾਈ ਅਪੀਲ ਤੇ ਛੱਡਿਆ ਜਾ ਸਕਦਾ, ਹੁਣ ਅਦਾਲਤ ਇੱਕ ਵਾਰ ਫਿਰ ਕੇਂਦਰ ਸਰਕਾਰ ਨੂੰ ਪੁੱਛਿਆ ਹੈ ਕਿ ਰਾਜੋਆਣਾ ਨੂੰ ਫਾਂਸੀ ਦੇਣ ਵਿਚ ਕਿਉਂ ਦੇਰੀ ਕੀਤੀ ਜਾ ਰਹੀ ਅਤੇ ਇਸ ਲਈ ਜੁੰਮੇਵਾਰ ਕੌਣ ਹੈ ਅਤੇ 10 ਅਕਤੂਬਰ ਨੂੰ ਇਸ ਤੇ ਆਖਰੀ ਫੈਸਲਾ ਲਿਆ ਜਾ ਸਕਦਾ ਹੈ ਪਰ ਜਦੋਂ ਸੁਪਰੀਮ ਕੋਰਟ ਦੀ ਮੈਨੇਜਮੈਂਟ ਕਹੇ ਰਹੀ ਹੈ ਕਿ ਅਜਿਹੇ ਹਲਾਤਾਂ ਵਿੱਚ ਲੰਮਾ ਸਮਾਂ ਜੇਲ੍ਹ ਵਿੱਚ ਬੰਦ ਰੱਖਣਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਤਾਂ ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਉਹ ਆਪਣੇ ਤੌਰ ਤੇ ਫ਼ੈਸਲਾ ਲੈ ਕੇ ਰਾਜੋਆਣਾ ਨੂੰ ਛੱਡ ਸਕਦੀ ਹੈ ਜਿਸ ਨਾਲ ਸਿੱਖਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਤੇ ਯਕੀਨ ਹੋ ਸਕੇ,ਅਗਰ ਸੁਪਰੀਮ ਕੋਰਟ ਅਜਿਹਾ ਫ਼ੈਸਲਾ ਨਹੀਂ ਲੈਂਦਾ ਤਾਂ ਸਿਖਾਂ ਵਿੱਚ ਬੇਗਾਨਗੀ ਦਾ ਅਹਿਸਾਸ ਹੋਣ ਲਾਜ਼ਮੀ ਹੈ ਇਸ ਕਰਕੇ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਮਾਨਯੋਗ ਉੱਚ ਅਦਾਲਤ ਤੋਂ ਮੰਗ ਕਰਦੀ ਹੈ ਕਿ ਜਦੋਂ ਬਾਰ ਬਾਰ ਅਦਾਲਤ ਦੇ ਹੁਕਮਾਂ ਤੇ ਕੇਂਦਰ ਸਰਕਾਰ ਰਾਜੋਆਣਾ ਸਬੰਧੀ ਕੋਈ ਫੈਸਲਾ ਨਹੀਂ ਲੈਂਦੀ ਤਾਂ ਮਾਨਯੋਗ ਸੁਪਰੀਮ ਕੋਰਟ ਕੋਲ ਪੂਰੇ ਅਧਿਕਾਰ ਹਨ ਕਿ ਉਹ ਮਨੁੱਖੀ ਅਧਿਕਾਰਾਂ ਨੂੰ ਮੁੱਖ ਰੱਖਦਿਆਂ ਭਾਈ ਰਾਜੋਆਣਾ ਨੂੰ ਰਿਹਾਅ ਕਰਕੇ ਸਿਖਾਂ ਵਿੱਚ ਪੈਂਦੇ ਰਹੇ ਬੈਗਾਨਗੀ ਦੇ ਅਹਿਸਾਸ ਨੂੰ ਦੂਰ ਕੀਤਾ ਜਾ ਸਕੇ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਤੋਂ ਭਾਈ ਰਾਜੋਆਣਾ ਸਬੰਧੀ ਅੰਤਿਮ ਫੈਸਲਾ ਦੇ ਹੁਕਮਾਂ ਨੂੰ ਰੱਖਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਭਾਈ ਖਾਲਸਾ ਨੇ ਸਪੱਸ਼ਟ ਕੀਤਾ ਭਾਈ ਰਾਜੋਆਣਾ ਨੂੰ 30 ਸਾਲ ਤੋਂ ਉੱਪਰ ਸਮੇਂ ਜੇਲ੍ਹ 'ਚ ਹੋ ਚੁੱਕਾਂ ਹੈ ਅਤੇ 12 ਸਾਲ ਤੋਂ ਉਨ੍ਹਾਂ ਦੀ ਰਹਿਣ ਦੀ ਅਪੀਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਾਈ ਸੀ ਅਤੇ ਇਸ ਦਰਮਿਆਨ ਸੁਪਰੀਮ ਕੋਰਟ ਕਈ ਵਾਰ ਕੇਂਦਰ ਸਰਕਾਰ ਨੂੰ ਭਾਈ ਰਾਜੋਆਣਾ ਸਬੰਧੀ ਫੈਸਲਾ ਲੈਣ ਵਾਸਤੇ ਕਹੇ ਚੁੱਕਿਆ ਹੈ ਪਰ ਕੇਂਦਰੀ ਮੰਤਰੀ ਇਹ ਕਹੇ ਕਿ ਟਾਲ ਦਿੰਦੇ ਹਨ ਕਿ ਜਿਸ ਨੂੰ ਆਪਣੇ ਕੀਤੇ ਪਛਤਾਵਾ ਨਹੀਂ ਉਸ ਨੇ ਕੋਈ ਰਹਿਮ ਦੀ ਅਪੀਲ ਨਹੀਂ ਪਾਈ ਤਾਂ ਅਜਿਹੇ ਹਾਲਾਤਾਂ ਵਿੱਚ ਕੇਵੇ ਛੱਡਿਆ ਜਾ ਸਕਦਾ ਹੈ ਭਾਈ ਖਾਲਸਾ ਨੇ ਕਿਹਾ ਇਸ ਤੋਂ ਸਾਫ ਜ਼ਾਹਰ ਹੈ ਕਿ ਰਾਜੋਆਣਾ ਸਬੰਧੀ ਭਾਰਤ ਦੀ ਨਿਆਂ ਪ੍ਰਣਾਲੀ ਤੇ ਦੇਸ਼ ਦੀ ਸਿੱਖ ਵਿਰੋਧੀ ਭਾਜਭਾਈ ਸਰਕਾਰ ਦੀ ਨੀਤ ਸਾਫ ਨਹੀਂ ? ਭਾਈ ਖਾਲਸਾ ਨੇ ਕਿਹਾ ਪਹਿਲਾਂ ਭਾਈ ਰਾਜੋਆਣਾ ਦੀ ਫਾਂਸੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦੀ ਗੱਲ ਚੱਲੀ ਸੀ,ਪਰ ਹੁਣ ਦੇਸ਼ ਦੀ ਉੱਚ ਅਦਾਲਤ ਸੁਪਰੀਮ ਕੋਰਟ ਨੇ ਆਪਣੇ ਤਾਜ਼ਾ ਹੁਕਮਾਂ 'ਚ ਕੇਂਦਰ ਸਰਕਾਰ ਨੂੰ ਬੜੀ ਸਖਤੀ ਨਾਲ ਕਿਹਾ ਹੈ ਫਾਂਸੀ ਲਾਉਣ ਵਿੱਚ ਦੇਰੀ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਲਈ ਕੌਣ ਜ਼ਿੰਮੇਵਾਰ ਹੈ ਤੋਂ ਸਾਫ਼ ਜ਼ਾਹਰ ਹੈ ਕਿ ਰਾਜੋਆਣਾ ਨੂੰ ਛੱਡਣ ਸਬੰਧੀ ਭਾਰਤ ਦੀ ਨਿਆਂ ਪ੍ਰਣਾਲੀ ਤੇ ਕੇਂਦਰ ਦੀ ਭਾਜਪਾਈ ਮੋਦੀ ਸਰਕਾਰ ਦੀ ਨੀਤ ਸਾਫ ਨਹੀਂ ? ਜਦੋਂ ਕਿ ਸੁਪਰੀਮ ਕੋਰਟ ਕੋਲ ਅਧਿਕਾਰ ਤੇ ਪਾਵਰ ਹੈ ਕਿ ਰਾਜੋਆਣਾ ਸਬੰਧੀ ਚੱਲ ਰਹੀ ਰਾਜਨੀਤੀ ਨੂੰ ਮੁੱਖ ਰੱਖਦਿਆਂ ਭਾਈ ਰਾਜੋਆਣਾ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ ਕਿਉਂਕਿ ਜਦੋਂ ਦੇਸ਼ ਦੇ ਹੋਰ ਖ਼ੂੰਖਾਰ ਅਪਰਾਧੀਆਂ ਨੂੰ ਛੱਡਿਆ ਜਾ ਸਕਦਾ ਹੈ ਤਾਂ ਭਾਈ ਰਾਜੋਆਣਾ ਸਬੰਧੀ ਕੋਈ ਫੈਸਲਾ ਨਾਂ ਲੈ ਕੇ ਸਿਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ ਜੋ ਕੇ ਬਹੁਤ ਹੀ ਬੇਇਨਸਾਫ਼ੀ ਤੇ ਜ਼ੁਲਮ ਕਰਨ ਵਾਲਾ ਨਿੰਦਣਯੋਗ ਵਰਤਾਰਾ ਹੈ ਭਾਈ ਖਾਲਸਾ ਨੇ ਕਿਹਾ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਮਾਨਯੋਗ ਉੱਚ ਅਦਾਲਤ ਸੁਪਰੀਮ ਕੋਰਟ ਤੋਂ ਮੰਗ ਕਰਦੀ ਹੈ ਕਿ ਮਨੁੱਖੀ ਅਧਿਕਾਰਾਂ ਨੂੰ ਮੁੱਖ ਰੱਖਦਿਆਂ ਤੇ ਸਰਕਾਰ ਦੀ ਦੋਗਲੀ ਨੀਤੀ ਕਾਰਨ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਤਾਂ ਕਿ ਸਿੱਖਾਂ ਵਿੱਚੋਂ ਬੇਗਾਨਗੀ ਵਾਲਾ ਅਹਿਸਾਸ ਦੂਰ ਕੀਤਾ ਜਾ ਸਕੇ, ਇਸ ਮੌਕੇ ਤੇ ਭਾਈ ਖਾਲਸਾ ਨਾਲ ਭਾਈ ਅਵਤਾਰ ਸਿੰਘ ਅੰਮ੍ਰਿਤਸਰ, ਭਾਈ ਜੋਗਿੰਦਰ ਸਿੰਘ ਤੇ ਭਾਈ ਜਗਪਾਲ ਸਿੰਘ ਫਿਰੋਜ਼ਪੁਰ, ਭਾਈ ਸਿੰਦਾ ਸਿੰਘ ਨਿਹੰਗ ਤੇ ਪਿਰਥੀ ਸਿੰਘ ਧਾਲੀਵਾਲ, ਭਾਈ ਦਿਲਬਾਗ ਸਿੰਘ ਬਾਗੀ, ਭਾਈ ਸੁਖਦੇਵ ਸਿੰਘ ਫੌਜੀ, ਭਾਈ ਸੁਰਿੰਦਰ ਸਿੰਘ ਆਦਮਪੁਰ, ਭਾਈ ਵਿਕਰਮ ਸਿੰਘ ਪੰਡੋਰੀ ਨਿੱਜਰ, ਭਾਈ ਗੁਰਸੇਵਕ ਸਿੰਘ ਧੂੜਕੋਟ ਤੇ ਭਾਈ ਰਵਿੰਦਰ ਸਿੰਘ ਟੁੱਟ ਕਲਾਂ ਜਲੰਧਰ ਆਦਿ ਆਗੂ ਹਾਜ਼ਰ ਸਨ।

ਪੁਲਿਸ ਮੁਕਾਬਲਿਆਂ ਦੇ ਦੋਸ਼ੀ ਤੇ ਆਪਣੇ ਆਪ ਨੂੰ ਸੂਬਾ ਸਰਹੰਦ ਦੱਸਣ ਵਾਲੇ ਸੂਬੇ ਦੀਆਂ ਅੰਤਿਮ ਰਸਮਾਂ ਸਿੱਖ ਮਰਯਾਦਾ ਅਨੁਸਾਰ ਕਰਨ ਦੇ ਵਿਰੋਧ 'ਚ ਆਏ

# ਫੈਡਰੇਸ਼ਨ ਆਗੂਆਂ ਨੂੰ ਰੋਕਣਾ ਨਿੰਦਣਯੋਗ : ਏ ਆਈ ਐਸ ਐਸ ਐਫ ਖਾਲਸਾ



**ਜੰਡਿਆਲਾ ਗੁਰੂ 27 ਸਤੰਬਰ( ਕੁਲਵੰਤ ਸਿੰਘ ਵਿਰਦੀ )**-ਬੀਤੇ ਦਿਨੀਂ ਕੇਂਦਰੀ ਜੇਲ੍ਹ ਪਟਿਆਲਾ'ਚ ਸਜ਼ਾ ਭੁਗਤ ਰਹੇ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ੀ ਤੇ ਆਪਣੇ ਆਪ ਨੂੰ ਸੂਬਾ ਸਰਹੰਦ ਦੱਸਣ ਵਾਲੇ ਪਾਪੀ ਸੂਬੇ ਇੰਸਪੈਕਟਰ ਨੂੰ ਪੰਥ ਦੇ ਕੌਮੀ ਜਰਨੈਲ ਅਤੇ ਸਿਖਾਂ ਦੀਆਂ ਧੀਆਂ ਭੈਣਾਂ ਮਾਵਾਂ ਨੂੰ ਗਲਤ ਬੋਲਣ ਵਾਲੇ ਸ਼ਿਵਸੈਨਾ ਆਗੂ ਸੂਰੀ ਨੂੰ ਗੱਡੀ ਚਾੜ੍ਹਨ ਵਾਲੇ ਭਾਈ ਸੰਦੀਪ ਸਿੰਘ ਸਨੀ ਨੇ ਮਾਰ ਮੁਕਾਇਆ ਸੀ ਅਤੇ ਪਿੰਡ ਦੇ ਗ੍ਰੰਥੀ ਨੇ ਐਲਾਨ ਕੀਤਾ ਸੀ ਕਿ ਸੂਬੇ ਦੁਸ਼ਟ ਦੀਆਂ ਅੰਤਿਮ ਰਸਮਾਂ ਸਿੱਖ ਮਰਯਾਦਾ ਅਨੁਸਾਰ ਨਹੀਂ ਕੀਤੀਆਂ ਜਾਣਗੀਆਂ, ਪਰ ਦੂਸਰੇ ਪਾਸੇ ਅੱਜ ਪੁਲਿਸ ਪ੍ਰਸ਼ਾਸਨ ਵਲੋਂ ਆਪਣੀ ਦੇਖ ਰੇਖ ਹੇਠ ਜਦੋਂ ਪਿੰਡ ਭਿੱਟੇਵਿੰਡ ਵਿਖੇ ਸੂਬੇ ਦੀਆਂ ਅੰਤਿਮ ਰਸਮਾਂ ਰੋਕਣ ਲਈ ਫੈਡਰੇਸ਼ਨ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਗੋਪਾਲ ਸਿੰਘ ਸਾਬਕਾ ਪ੍ਰਧਾਨ ਅਤੇ ਵੱਡੀ ਗਿਣਤੀ ਵਿਚ ਪਹੁੰਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂਆਂ ਨਾਲ ਪੁਲਿਸ ਦੀ ਹੋਈ ਧੱਕਾਮੁੱਕੀ ਤੋਂ ਬਾਅਦ ਉਹਨਾਂ ਸਾਰਿਆਂ ਨੂੰ ਪੁਲਿਸ ਹਿਰਾਸਤ ਵਿੱਚ ਲਿਆ ਗਿਆ ਅਤੇ ਬਾਅਦ ਵਿੱਚ ਛੱਡ ਦਿੱਤਾ ਗਿਆ, ਜਿਥੇ ਉਹਨਾਂ ਸਾਰਿਆਂ ਦਾ ਪੰਥਕ ਆਗੂਆਂ ਵੱਲੋਂ ਸਨਮਾਨ ਕੀਤਾ ਗਿਆ, ਇਸ ਮੌਕੇ ਤੇ ਇਹਨਾਂ ਆਗੂਆਂ ਨੇ ਸਪੱਸ਼ਟ ਕੀਤਾ ਕਿ ਅਜਿਹੇ ਜ਼ਾਲਮ ਪੁਲਿਸ ਅਧਿਕਾਰੀਆਂ ਦੀਆਂ ਮਰਨ ਤੋਂ ਬਾਅਦ ਅੰਤਿਮ ਰਸਮਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਨਹੀਂ ਹੋਣ ਦਿਤੀਆਂ ਜਾਣਗੀਆਂ, ਸੂਬੇ ਇੰਸਪੈਕਟਰ ਦੇ ਕਾਲੇ ਕਾਰਨਾਮਿਆਂ ਤੋਂ ਦੁਖੀ ਲੋਕਾਂ ਨੇ ਜਿਥੇ ਇਸ ਦੇ ਮਰਨ ਤੇ ਭਾਈ ਸੰਦੀਪ ਸਿੰਘ ਸਨੀ ਦਾ ਧੰਨਵਾਦ ਕੀਤਾ ਸੀ ,ਉਥੇ ਅੱਜ ਸੂਬੇ ਦੁਸ਼ਟ ਦੀਆਂ ਅੰਤਿਮ ਰਸਮਾਂ ਸਿੱਖ ਮਰਯਾਦਾ ਅਨੁਸਾਰ ਨਾਂ ਕਰਨ ਲਈ ਵਿਰੋਧ ਵਿਚ ਆਏ ਫੈਡਰੇਸ਼ਨ ਆਗੂਆਂ ਤੇ ਹੋਰ ਨਿਹੰਗ ਸਿੰਘਾਂ ਦਾ ਧੰਨਵਾਦ ਕੀਤਾ, ਲੋਕਾਂ ਵੱਲੋਂ ਇਨ੍ਹਾਂ ਜ਼ਾਲਮ ਪੁਲਿਸ ਅਧਿਕਾਰੀਆਂ ਦੀਆਂ ਭਵਿੱਖ ਵਿੱਚ ਵੀ ਸਿੱਖ ਰਹਿਤ ਮਰਯਾਦਾ ਅਨੁਸਾਰ ਮਰਨ ਤੋਂ ਬਾਅਦ ਰਸਮਾਂ ਨਾ ਹੋਣ ਦੇਣ ਵਾਲੇ ਫੈਸਲੇ ਦਾ ਵੀ ਸਵਾਗਤ ਕੀਤਾ ,ਇਸ ਕਰਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਸੂਬੇ ਦੀਆਂ ਅੰਤਿਮ ਰਸਮਾਂ ਸਮੇਂ ਵਿਰੋਧ ਕਰਨ ਗਏ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਪੁਲਿਸ ਵੱਲੋਂ ਧੱਕਾ ਮੁੱਕੀ ਤੇ ਹਿਰਾਸਤ ਵਿੱਚ ਲੈਣ ਵਾਲੀ ਨੀਤੀ ਦੀ ਜ਼ੋਰਦਾਰ ਸ਼ਬਦਾਂ 'ਚ ਨਿੰਦਾ ਤੇ ਭਵਿੱਖ ਵਿੱਚ ਅਜਿਹੇ ਹਰ ਪੁਲਿਸ ਅਧਿਕਾਰੀ ਦੀਆਂ ਅੰਤਿਮ ਰਸਮਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਨਾਂ ਹੋਣ ਵਾਲੇ ਲੈ ਫੈਸਲੇ ਦੀ ਹਮਾਇਤ ਤੇ ਸ਼ਲਾਘਾ ਕਰਦੀ ਹੋਈ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਨੌਜਵਾਨ ਨੂੰ ਮਾਰਨਾ ਤੇ ਜ਼ੁਲਮ ਕਰਨ ਵਾਲਿਓ ਨੂੰ ਅਪੀਲ ਕਰਦੀ ਹੈ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨ ਤਾਂ ਕਿ ਧਰਮੀ ਅਤੇ ਇਨਸਾਫਪਸੰਦ ਪੁਲਿਸ ਅਫਸਰਾਂ ਦੀਆਂ ਕਦਰਾਂ ਦੀ ਕਦਰ ਕੀਤੀ ਜਾ ਸਕੇ ਅਤੇ ਖਾਕੀ ਨੂੰ ਦਾਗ.ਦਾਰ ਕਰਨ ਵਾਲਿਆਂ ਨੂੰ ਕੀਤੇ ਗੁਨਾਹਾਂ ਦਾ ਅਹਿਸਾਸ ਕਰਵਾਇਆ ਜਾ ਸਕੇ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਝੂਠੇ ਪੁਲਿਸ ਮੁਕਾਬਲਿਆਂ ਦੇ ਦੋਸ਼ੀ ਇੰਸਪੈਕਟਰ ਸੂਬੇ ਦੀਆਂ ਅੰਤਿਮ ਰਸਮਾਂ ਮੌਕੇ ਇਨ੍ਹਾਂ ਰਸਮਾਂ ਦੇ ਵਿਰੋਧ'ਚ ਪਹੁੰਚੇ ਫੈਡਰੇਸ਼ਨ ਆਗੂਆਂ ਤੇ ਨਿਹੰਗ ਸਿੰਘ ਆਗੂਆਂ ਨੂੰ ਪੁਲਿਸ ਵੱਲੋਂ ਧੱਕਾ ਮੁੱਕੀ ਕਰਨ ਤੋਂ ਬਾਅਦ ਹਿਰਾਸਤ ਵਿਚ ਲੈਣ ਦੀ ਨਿੰਦਾ, ਸਿੱਖ ਆਗੂਆਂ ਵੱਲੋਂ ਇਨ੍ਹਾਂ ਦਾ ਸਨਮਾਨ ਕਰਨ ਦੀ ਸ਼ਲਾਘਾ ਅਤੇ ਭਵਿੱਖ ਵਿੱਚ ਅਜਿਹੇ ਦੁਸ਼ਟ ਪੁਲਿਸ ਅਫਸਰਾਂ ਦੀਆਂ ਅੰਤਿਮ ਰਸਮਾਂ ਸਿੱਖ ਰਹਿਤ ਮਰਯਾਦਾ ਅਨੁਸਾਰ ਨਾਂ ਹੋਣ ਵਾਲੇ ਫੈਸਲੇ ਦੀ ਹਮਾਇਤ ਕਰਦਿਆਂ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਕੀਤਾ, ਉਹਨਾਂ ਭਾਈ ਖਾਲਸਾ ਨੇ ਸਪੱਸ਼ਟ ਕੀਤਾ ਕੋਈ ਵੀ ਵਿਅਕਤੀ ਸਰਕਾਰੀ ਜਾਂ ਗੈਰ ਸਰਕਾਰੀ ਹੋਵੇ ਹਰ ਮਨੁੱਖ ਨੂੰ ਆਪਣੇ ਗੁਨਾਹਾਂ ਦਾ ਫ਼ਲ ਇਥੇ ਹੀ ਭੁਗਤਣਾ ਪੈਂਦਾ ਹੈ ਇਸ ਕਰਕੇ ਸਾਡੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਜਿਥੇ ਉਹਨਾਂ ਪੁਲਿਸ ਅਧਿਕਾਰੀਆਂ ਦਾ ਆਦਰ ਮਾਣ ਸਤਿਕਾਰ ਕਰਦੇ ਹੈ ਜੋ ਆਪਣੇ ਘਰ ਵਿਚ ਨੌਕਰੀ ਕਰਨ ਤੋਂ ਬਾਅਦ ਇਸ ਖਾਕੀ ਨੂੰ ਬੇਦਾਗ ਲੈ ਜਾਂਦੇ ਹਨ ਅਤੇ ਜੋ ਸੂਬੇ ਵਾਂਗ ਆਪਣੇ ਆਹੁੰਦੇ ਤੇ ਸੋਹਰਤ ਖਾਤਰ ਗ.ਲਤ ਕੰਮ ਕਰਦੇ ਹਨ ਉਨ੍ਹਾਂ ਨੂੰ ਸਮਾਜ ਇਥੇ ਵੀ ਲਾਹਨਤਾਂ ਪਾਉਂਦਾ ਹੈ ਦਰਗਾਹ ਵਿੱਚ ਵੀ ਇੰਨਾ ਨੂੰ ਢੋਈ ਨਹੀਂ ਮਿਲਦੀ ਇਸ ਕਰਕੇ ਸਾਡੀ ਸੂਬੇ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ? ਸਗੋਂ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਨੂੰ ਉੱਚਾ ਚੁੱਕਣ ਦਾ ਹੈ ਜਿਸ ਨਾਲ ਸਮਾਜ ਨੂੰ ਨੇਕ ਤੇ ਸਹੀ ਕੰਮਾਂ ਲਈ ਪ੍ਰੇਰਿਤ ਕੀਤਾ ਜਾ ਸਕੇ।

# ਹੜ੍ਹ ਪੀੜਤਾਂ ਦੀ ਸੇਵਾ ਸਰਕਾਰ ਦੀ ਪਹਿਲੀ ਤਰਜੀਹ : ਜਸਵਿੰਦਰ ਸਿੰਘ ਰਮਦਾਸ



**ਜੰਡਿਆਲਾ ਗੁਰੂ, 27 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਆਮ ਆਦਮੀ ਪਾਰਟੀ ਦੇ ਅਟਾਰੀ ਹਲਕੇ ਤੋਂ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪੀੜਤ ਲੋਕਾਂ ਦੀ ਸੇਵਾ ਨੂੰ ਆਪਣੀ ਸਭ ਤੋਂ ਵੱਡੀ ਤਰਜੀਹ ਮੰਨ ਰਹੀ ਹੈ।ਰਮਦਾਸ ਨੇ ਦੱਸਿਆ ਕਿ ਹੜ੍ਹ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਸਰਕਾਰ ਵੱਲੋਂ ਤੁਰੰਤ ਰਾਹਤ ਅਤੇ ਸਹਾਇਤਾ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਹਰ ਅਧਿਕਾਰੀ ਨੂੰ ਸਪਸ਼ਟ ਆਦੇਸ਼ ਦਿੱਤੇ ਗਏ ਹਨ ਕਿ ਉਹ ਘਰ-ਘਰ ਜਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਅਤੇ ਮੌਕੇ 'ਤੇ ਹੀ ਹੱਲ ਕਰਨ।ਵਿਧਾਇਕ ਨੇ ਇਹ ਵੀ ਕਿਹਾ ਕਿ ਆਮ ਆਦਮੀ ਪਾਰਟੀ ਦੇ ਸਾਰੇ ਸੇਵਾਦਾਰ ਅਤੇ ਸਾਥੀ ਜ਼ਮੀਨੀ ਪੱਧਰ 'ਤੇ ਲੋਕਾਂ ਦੇ ਨਾਲ ਖੜੇ ਹਨ ਅਤੇ ਸਰਕਾਰੀ ਮਸ਼ੀਨਰੀ ਦੇ ਨਾਲ ਮਿਲ ਕੇ ਪੀੜਤ ਪਰਿਵਾਰਾਂ ਤੱਕ ਸਹਾਇਤਾ ਪਹੁੰਚਾ ਰਹੇ ਹਨ। ਉਨ੍ਹਾਂ ਨੇ ਭਰੋਸਾ ਦਵਾਇਆ ਕਿ ਮੁੜ ਵਸੇਬੇ ਦੇ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾ ਰਹੇ ਹਨ ਅਤੇ ਕਿਸੇ ਵੀ ਪਰਿਵਾਰ ਨੂੰ ਸਰਕਾਰੀ ਸਹੂਲਤਾਂ ਜਾਂ ਰਾਹਤ ਸਮੱਗਰੀ ਦੇਣ ਵਿੱਚ ਰੁਕਾਵਟ ਨਹੀਂ ਆਉਣ ਦਿੱਤੀ ਜਾਵੇਗੀ।ਰਮਦਾਸ ਨੇ ਪਸ਼ੂਆਂ ਵਿੱਚ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪਸ਼ੂ-ਪਾਲਕ ਪਰਿਵਾਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ ਕਿਉਂਕਿ ਸਰਕਾਰ ਵੱਲੋਂ ਇਸ ਪਾਸੇ ਵੀ ਪੂਰੀ ਤਰ੍ਹਾਂ ਧਿਆਨ ਦਿੱਤਾ ਜਾ ਰਿਹਾ ਹੈ।ਐਮ ਐਲ ਏ ਰਮਦਾਸ ਨੇ ਮੁੱਖ ਮੰਤਰੀ ਵੱਲੋਂ ਹੜ੍ਹ ਪੀੜਤ ਕਿਸਾਨਾਂ ਨੂੰ ਮੁਫ਼ਤ ਕਣਕ ਦਾ ਬੀਜ ਵੰਡਣ ਦੇ ਫ਼ੈਸਲੇ ਦੀ ਵੀ ਖ਼ਾਸ ਤੌਰ 'ਤੇ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਇਹ ਕਦਮ ਕਿਸਾਨਾਂ ਦੀ ਆਰਥਿਕ ਰਾਹਤ ਲਈ ਬਹੁਤ ਮਹੱਤਵਪੂਰਨ ਸਾਬਤ ਹੋਵੇਗਾ ਅਤੇ ਖੇਤੀਬਾੜੀ ਦੀ ਮੁੜ ਬਹਾਲੀ ਵਿੱਚ ਵੱਡਾ ਯੋਗਦਾਨ ਪਾਵੇਗਾ। ਰਮਦਾਸ ਨੇ ਕਿਹਾ, "ਸਰਕਾਰ ਤੇ ਆਮ ਆਦਮੀ ਪਾਰਟੀ ਦਾ ਹਰ ਸੇਵਾਦਾਰ ਲੋਕਾਂ ਦੀ ਸੇਵਾ ਵਿੱਚ ਤਤਪਰ ਹੈ। ਕਿਸੇ ਨੂੰ ਵੀ ਆਪਣੇ ਆਪ ਨੂੰ ਇਕੱਲਾ ਸਮਝਣ ਦੀ ਲੋੜ ਨਹੀਂ, ਪੂਰੀ ਸਰਕਾਰੀ ਮਸ਼ੀਨਰੀ ਹਮੇਸ਼ਾਂ ਲੋਕਾਂ ਦੇ ਨਾਲ ਹੈ।"

# ਕਿਸਾਨ ਮੰਡੀਆਂ ਵਿੱਚ ਝੋਨਾ ਲਿਆਉਣ ਤੋਂ ਪਹਿਲਾਂ ਅਨਾਜ ਪੋਰਟਲ ਉੱਤੇ ਆਪਣਾ ਮੋਬਾਈਲ ਨੰਬਰ , ਆਧਾਰ ਕਾਰਡ ਅਪਡੇਟ ਜਰੂਰ ਕਰਵਾਉਣ -ਜ਼ਿਲ੍ਹਾ ਮੰਡੀ ਅਫਸਰ



**ਜੰਡਿਆਲਾ ਗੁਰੂ, 27 ਸਤੰਬਰ ( ਕੁਲਵੰਤ ਸਿੰਘ ਵਿਰਦੀ )**-ਜ਼ਿਲ੍ਹਾ ਮੰਡੀ ਅਫ਼ਸਰ ਸ ਰਮਨਦੀਪ ਸਿੰਘ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਝੋਨੇ ਦੀ ਫਸਲ ਵੇਚਣ ਲਈ ਮੰਡੀ ਲਿਆਉਣ ਤੋਂ ਪਹਿਲਾਂ-ਪਹਿਲਾਂ ਆਪਣੇ ਆੜਤੀਏ ਨਾਲ ਸੰਪਰਕ ਕਰਕੇ ਅਨਾਜ ਪੋਰਟਲ ਉੱਤੇ ਆਪਣਾ ਮੋਬਾਈਲ ਨੰਬਰ, ਆਧਾਰ ਕਾਰਡ ਜੋ ਕਿ ਬੈਂਕ ਖਾਤੇ ਨਾਲ ਅਟੈਚ ਹੋਵੇ, ਜਰੂਰ ਅਪਡੇਟ ਕਰਵਾਉਣ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਾਰੀ ਖਰੀਦ ਲਈ ਕਿਸਾਨ ਦਾ ਮੋਬਾਈਲ ਨੰਬਰ ਪੋਰਟਲ ਉੱਤੇ ਅਪਡੇਟ ਹੋਣਾ ਬਹੁਤ ਜ਼ਰੂਰੀ ਹੈ, ਇਸ ਲਈ ਉਹ ਕਿਸਾਨ ਜਿਨਾਂ ਨੇ ਆਪਣਾ ਮੋਬਾਈਲ ਨੰਬਰ ਬਦਲਿਆ ਹੈ, ਉਹ ਹਰ ਹਾਲਤ ਵਿੱਚ ਆਪਣੇ ਆੜਤੀਏ ਨਾਲ ਸੰਪਰਕ ਕਰਕੇ ਨਵਾਂ ਨੰਬਰ ਅਪਡੇਟ ਕਰਵਾ ਦੇਣ। ਉਹਨਾਂ ਕਿਹਾ ਕਿ ਇਹ ਖੁਰਾਕ ਸਪਲਾਈ ਵਿਭਾਗ ਵੱਲੋਂ ਸਹੂਲਤ ਆੜਤੀਆਂ ਨੂੰ ਦਿੱਤੀ ਗਈ ਹੈ, ਸੋ ਤੁਸੀਂ ਉਹਨਾਂ ਨਾਲ ਸੰਪਰਕ ਕਰਕੇ ਇਸ ਨੂੰ ਅਪਡੇਟ ਕਰਵਾ ਸਕਦੇ ਹੋ। ਉਹਨਾਂ ਨੇ ਇਸ ਦੇ ਨਾਲ ਹੀ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਸਰਕਾਰ ਕਿਸਾਨਾਂ ਦੀ ਫਸਲ ਦਾ ਇੱਕ ਇੱਕ ਦਾਣਾ ਖਰੀਦਣ ਲਈ ਤਿਆਰ ਹੈ ਅਤੇ ਤੁਸੀਂ ਕਿਸੇ ਕਾਹਲੀ ਵਿੱਚ ਝੋਨੇ ਦੀ ਕਟਾਈ ਨਾ ਕਰੋ ਬਲਕਿ ਨਮੀ ਦੀ ਮਾਤਰਾ ਜੋ ਕਿ 17 ਫੀਸਦੀ ਤੋਂ ਘੱਟ ਹੋਵੇ, ਨੂੰ ਧਿਆਨ ਵਿੱਚ ਰੱਖਦੇ ਹੋਏ ਝੋਨੇ ਦੀ ਕਟਾਈ ਕਰੋ। ਇਸ ਦੇ ਨਾਲ ਹੀ ਰਾਤ 6 ਵਜੇ ਤੋਂ ਬਾਅਦ ਅਤੇ ਸਵੇਰੇ 10 ਵਜੇ ਤੋਂ ਪਹਿਲਾਂ ਕੰਬਾਈਨ ਨਾ ਚਲਾਓ ਤਾਂ ਜੋ ਝੋਨੇ ਵਿੱਚ ਨਮੀ ਨਾ ਆਵੇ ਅਤੇ ਅਸੀਂ ਤੁਹਾਨੂੰ ਨਾਲ ਦੀ ਨਾਲ ਝੋਨਾ ਖਰੀਦ ਕੇ ਮੰਡੀ ਵਿੱਚੋਂ ਵਿਹਲੇ ਕਰ ਸਕੀਏ।

## ਸੁਣੋਂ ਭਗਤ ਸਿੰਘ ਸਰਦਾਰ ਜੀਓ

ਪਹਿਲਾਂ ਤੇਰੇ ਪਾਰਕਾਂ ਵਿੱਚੋਂ
ਕੂੜਾ ਕਰਕਟ
ਦੂਰ ਹਟਾਉਂਨੇਂ ਆਂ ।
ਕੱਚੀ ਲੱਸੀ ਨਾਲ਼
ਤੇਰੇ ਬੁੱਤ ਦਾ
ਫ਼ਿਰ ਇਸ਼ਨਾਨ ਕਰਾਉਂਨੇਂ ਆਂ ।
ਅਠਾਈ ਸਤੰਬਰ ਤੇ
ਤੇਈ ਮਾਰਚ ਨੂੰ
ਸਿਰ 'ਤੇ ਬੰਨ੍ਹ ਬਸੰਤੀ ਪੱਗਾਂ ;
ਇੱਕ ਸਾਲ 'ਚ ਦੋ ਦਿਨ
ਚੇਤੇ ਕਰ ਅਸੀਂ
ਵਾਰਿਸ ਤੇਰੇ ਕਹਾਉਂਨੇਂ ਆਂ ।

## ਤੂੰ ਹੋਰ ਭਲਾਂ ਕੀ ਚਾਹੁੰਨੈਂ ਸਾਥੋਂ

ਭਗਤ ਸਿਆਂ ਅਸੀਂ ਸਾਲ 'ਚ ਦੋ ਦਿਨ
ਤੇਰੇ ਹੀ ਗੁਣ ਗਾਉਂਨੇਂ ਆਂ ।
ਬਾਕੀ ਤਿੰਨ ਸੌ ਤਰੇਹਟ ਦਿਨਾਂ ਲਈ
ਤੈਨੂੰ ਦਿਲੋਂ ਭੁਲਾਉਂਨੇਂ ਆਂ ।
ਘੋਨ ਮੋਨ 'ਜੇ ਸਿਰਾਂ 'ਤੇ ਪਗੜੀਆਂ
ਬੰਨ੍ਹ ਬਸੰਤੀ ਰੰਗ ਦੀਆਂ ;
ਤੇਰੇ ਬੁੱਤਾਂ ਨਾਲ਼ ਸੈਲਫੀਆਂ ਖਿੱਚ ਕੇ
ਫੇਸਬੁੱਕਾਂ 'ਤੇ ਪਾਉਂਨੇਂ ਆਂ ।

-ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ।9914836037

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸਰਦਾਰ ਸਿਮਰਨਜੀਤ ਸਿੰਘ ਮਾਨ ਨੇ

# ਭਾਈ ਸੰਦੀਪ ਸਿੰਘ ਸੰਨੀ ਦੇ ਪਰਿਵਾਰ ਨਾਲ ਕੀਤੀ ਮੁਲਾਕਾਤ





**ਅੰਮ੍ਰਿਤਸਰ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਅੱਜ ਭਾਈ ਸੰਦੀਪ ਸਿੰਘ ਸਨੀ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ।ਇਸ ਦੌਰਾਨ ਉਹਨਾਂ ਨੇ ਪਰਿਵਾਰ ਨੂੰ ਯਕੀਨ ਦਵਾਇਆ ਕਿ ਪਾਰਟੀ ਹਮੇਸ਼ਾਂ ਉਹਨਾਂ ਦੇ ਨਾਲ ਖੜੀ ਰਹੇਗੀ ਅਤੇ ਇਨਸਾਫ ਦੀ ਲੜਾਈ ਨੂੰ ਅੰਤ ਤੱਕ ਲੜਿਆ ਜਾਵੇਗਾ।ਮਾਨ ਨੇ ਕਿਹਾ ਕਿ ਭਾਈ ਸੰਦੀਪ ਸਿੰਘ ਸੰਨੀ ਨੇ ਕੌਮ ਲਈ ਮਹੱਤਵਪੂਰਨ ਸੇਵਾ ਨਿਭਾਈ ਹੈ। ਉਹਨਾਂ ਨੇ ਕਿਹਾ ਕਿ ਭਾਰਤ ਸਰਕਾਰ ਦੀਆਂ ਨੀਤੀਆਂ ਤਹਿਤ ਸਿੱਖਾਂ ਨੂੰ ਪੁਲਿਸ ਅਧਿਕਾਰੀਆਂ ਰਾਹੀਂ ਫਰਜੀ ਮੁਕਾਬਲਿਆਂ ਵਿੱਚ ਮਾਰਿਆ ਗਿਆ ਹੈ ਅਤੇ ਇਹ ਲੜੀ ਅੱਜ ਵੀ ਜਾਰੀ ਹੈ। ਉਹਨਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਸਿੱਖ ਕੌਮ ਉੱਤੇ ਹੋ ਰਹੇ ਜ਼ੁਲਮਾਂ ਨੂੰ ਬੇਨਕਾਬ ਕਰਨਾ ਅਤੇ ਪੀੜਤ ਪਰਿਵਾਰਾਂ ਲਈ ਇਨਸਾਫ਼ ਲਿਆਉਣਾ ਪਾਰਟੀ ਦਾ ਪਹਿਲਾ ਧਿਆਨ ਹੈ। ਇਸ ਮੌਕੇ ਪਾਰਟੀ ਦੇ ਕੌਮੀ ਜਨਰਲ ਸਕੱਤਰ ਉਪਕਾਰ ਸਿੰਘ ਸੰਧੂ ,ਹਰਪਾਲ ਸਿੰਘ ਬਲੇਰ, ਬੀਬੀ ਅੰਮ੍ਰਿਤ ਕੌਰ ਮਲੋਆ, ਦਲਜੀਤ ਸਿੰਘ ਬਾਜਵਾ , ਦਵਿੰਦਰ ਸਿੰਘ ਤੇ ਹੋਰ ਵੀ ਹਾਜ਼ਰ ਸਨ।

### ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਮੂਨਕ ਤੇ ਖਨੌਰੀ ਵਿਖੇ ਝੋਨੇ ਦੀ ਖਰੀਦ ਸ਼ੁਰੂ ਕਰਵਾਈ

# ਕਿਸਾਨਾਂ ਨੂੰ ਨਹੀਂ ਆਉਣ ਦਿੱਤੀ ਜਾਵੇਗੀ ਕਿਸੇ ਕਿਸਮ ਦੀ ਦਿੱਕਤ



**ਸੰਗਰੂਰ/ਮੂਨਕ/ ਖਨੌਰੀ( ਰਣਜੀਤ ਸਿੰਘ ਪੇਧਨੀ )**-ਪੰਜਾਬ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਬਾਬਤ ਪੁਖਤਾ ਪ੍ਰਬੰਧ ਕੀਤੇ ਗਏ ਹਨ ਤੇ ਖਰੀਦ ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਮੂਨਕ ਤੇ ਖਨੌਰੀ ਮੰਡੀ ਵਿਖੇ ਝੋਨੇ ਦੀ ਖ਼ਰੀਦ ਸ਼ੁਰੂ ਕਰਵਾਉਣ ਮੌਕੇ ਕੀਤਾ। ਇਸ ਸੀਜ਼ਨ ਦੌਰਾਨ ਹਲਕਾ ਲਹਿਰਾ ਸਮੇਤ ਜ਼ਿਲ੍ਹਾ ਸੰਗਰੂਰ ਵਿੱਚ ਝੋਨੇ ਦੀ ਕੁਲ 13,54,166 ਮੀਟਰਕ ਟਨ ਆਮਦ ਹੋਣ ਦੀ ਸੰਭਾਵਨਾ ਹੈ। ਇਸ ਮੌਕੇ ਸ਼੍ਰੀ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਾਰੀ ਬਰਸਾਤਾਂ ਦੌਰਾਨ ਘੱਗਰ ਦੀ ਮਾਰ ਤੋਂ ਬਚਾਅ ਲਈ ਕੀਤੇ ਪ੍ਰਬੰਧਾਂ, ਲੋਕਾਂ ਦੇ ਸਹਿਯੋਗ ਅਤੇ ਪ੍ਰਮਾਤਮਾ ਦੀ ਮਿਹਰ ਸਦਕਾ ਲਗਾਤਾਰ ਕਈ ਦਿਨ ਖਤਰੇ ਦੇ ਨਿਸ਼ਾਨ ਤੋਂ ਉੱਪਰ ਰਹਿਣ ਦੇ ਬਾਵਜੂਦ ਘੱਗਰ ਟੁੱਟਿਆ ਨਹੀਂ ਤੇ ਹਰ ਤਰ੍ਹਾਂ ਦੇ ਨੁਕਸਾਨ ਤੋਂ ਬਚਾਅ ਰਿਹਾ ਅਤੇ ਹੁਣ ਫਸਲ ਪੱਕ ਕੇ ਮੰਡੀਆਂ ਵਿੱਚ ਆ ਰਹੀ ਹੈ। ਸ਼੍ਰੀ ਗੋਇਲ ਨੇ ਦੱਸਿਆ ਕਿ ਹਲਕਾ ਲਹਿਰਾ ਸਮੇਤ ਜ਼ਿਲ੍ਹਾ ਸੰਗਰੂਰ ਵਿੱਚ ਝੋਨੇ ਦੀ ਖਰੀਦ ਲਈ ਕੁੱਲ 172 ਖਰੀਦ ਕੇਂਦਰ ਘੋਸ਼ਿਤ ਕੀਤੇ ਗਏ ਹਨ। ਬਾਰਦਾਨੇ ਦੀ ਕੋਈ ਕਮੀਂ ਨਹੀਂ ਹੈ। ਸਰਕਾਰ ਵਲੋਂ ਝੋਨੇ ਵਿੱਚ ਨਮੀ ਦੀ ਵੱਧ ਤੋਂ ਵੱਧ ਮਾਤਰਾ 17 ਫੀਸਦੀ ਨਿਰਧਾਰਿਤ ਕੀਤੀ ਗਈ ਹੈ। ਲੇਬਰ ਅਤੇ ਢੋਆ ਦੁਆਈ ਦੇ ਪ੍ਰਬੰਧ ਮੁਕੰਮਲ ਹਨ। ਮੰਡੀ ਬੋਰਡ ਵਲੋਂ ਮੰਡੀਆਂ ਵਿੱਚ ਫੜ੍ਹਾਂ ਦੀ ਸਫਾਈ, ਪੀਣ ਦੇ ਪਾਣੀ, ਬਿਜਲੀ, ਛਾਂ, ਨਮੀ ਮਾਪਣ ਵਾਲੇ ਯੰਤਰ ਆਦਿ ਦੇ ਮੁਕੰਮਲ ਪ੍ਰਬੰਧ ਹਨ। ਮੰਡੀਆਂ ਵਿਚੋਂ ਖਰੀਦ ਕੀਤੇ ਝੋਨੇ ਦੀ ਚੁਕਾਈ 72 ਘੰਟਿਆਂ ਦੇ ਅੰਦਰ ਅੰਦਰ ਕੀਤੀ ਜਾਵੇਗੀ ਅਤੇ ਤੈਅ ਸਮੇਂ ਮੁਤਾਬਕ ਕਿਸਾਨਾਂ ਨੂੰ ਅਦਾਇਗੀ ਕੀਤੀ ਜਾਵੇਗੀ। ਸ਼੍ਰੀ ਗੋਇਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਸੁੱਕੀ ਅਤੇ ਸਾਫ਼ ਫਸਲ ਲਿਆਉਣ ਤਾਂ ਜੋ ਉਹਨਾਂ ਨੂੰ ਨਮੀ ਘਟਣ ਤੱਕ ਮੰਡੀਆਂ ਵਿਚ ਰੁਕਣਾ ਨਾ ਪਵੇ। ਇਸ ਮੌਕੇ ਐਸ.ਡੀ.ਐਮ. ਸੂਬਾ ਸਿੰਘ, ਸੁਰਿੰਦਰ ਕਰੋਦਾ, ਟਰੱਕ ਯੂਨੀਅਨ ਖਨੌਰੀ ਦੇ ਪ੍ਰਧਾਨ ਬੀਰਭਾਨ ਕਾਂਸਲ, ਜੋਰਾ ਸਿੰਘ ਸਬਕਾ ਪ੍ਰਧਾਨ ਟਰੱਕ ਯੂਨੀਅਨ ਖਨੌਰੀ, ਸੁਰਜੀਤ ਸ਼ਰਮਾ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਖਨੌਰੀ, ਮਹਿੰਦਰ ਸਿੰਘ ਕੁੰਦਨੀ ਚੇਅਰਮੈਨ ਮਾਰਕੀਟ ਕਮੇਟੀ ਮੂਨਕ, ਜੋਗੀ ਰਾਮ ਭੁੱਲਣ ਚੇਅਰਮੈਨ ਮਾਰਕੀਟ ਕਮੇਟੀ ਖਨੌਰੀ, ਰਾਜ ਕੁਮਾਰ ਪ੍ਰਧਾਨ ਆੜਤੀ ਐਸੋਸੀਏਸ਼ਨ ਮੂਨਕ, ਸੁਰਿੰਦਰ ਬਬਲੀ ਪ੍ਰਧਾਨ ਆੜਤੀ ਐਸੋਸੀਏਸ਼ਨ ਖਨੌਰੀ, ਮਿੱਠੂ ਸੈਣੀ, ਅਰੁਣ ਜਿੰਦਲ, ਸਤੀਸ਼ ਸਿੰਗਲਾ ਪ੍ਰਧਾਨ ਟਰੱਕ ਯੂਨੀਅਨ ਮੂਨਕ, ਰੋਮੀ ਗੋਇਲ, ਸੰਜੇ ਸਿੰਗਲਾ, ਭੋਲਾ ਸਿੰਘ, ਬੱਬੂ ਨੰਬਰਦਾਰ ਕੌਂਸਲਰ ਮੂਨਕ, ਜੋਨੀ ਅਰੋੜਾ, ਗਿਰਧਾਰੀ ਲਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਖਨੌਰੀ, ਗੁਰਮੀਤ ਸਿੰਘ ,ਵਿਸ਼ਾਲ ਕਾਂਸਲ, ਜੀਤੀ ਨੰਬਰਦਾਰ ਕੌਂਸਲਰ ਰਾਕੇਸ਼ ਕੁਮਾਰ ਗੁਪਤਾ ਪੀ.ਏ.ਤੇ ਸਮੂਹ ਖਰੀਦ ਏਜੰਸੀਆਂ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

# ਜ਼ਿਲ੍ਹਾ ਪੁਲਿਸ ਵੱਲੋਂ ਮਿਤੀ 20.09.2025 ਤੋਂ 26.09.2025 ਤਕ 45 ਮੁਕੱਦਮੇ ਦਰਜ; 58 ਮੁਲਜ਼ਮ ਗ੍ਰਿਫਤਾਰ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਸ਼੍ਰੀ ਸਰਤਾਜ ਸਿੰਘ ਚਾਹਲ ਆਈ.ਪੀ.ਐਸ., ਐਸ.ਐਸ.ਪੀ. ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਜ਼ਿਲਾ ਪੁਲਿਸ ਵੱਲੋਂ "ਯੁੱਧ ਨਸ਼ਿਆਂ ਵਿਰੁੱਧ" ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 20.09.2025 ਤੋਂ 26.09.2025 ਤੱਕ ਡਰੱਗਜ਼ ਦੇ 26 ਮੁਕੱਦਮੇ ਦਰਜ ਕਰ ਕੇ 36 ਮੁਲਜ਼ਮ ਕਾਬੂ ਕਰ ਕੇ 266 ਗ੍ਰਾਮ ਹੈਰੋਇਨ, 168 ਕਿੱਲੋ 500 ਗ੍ਰਾਮ ਭੁੱਕੀ ਚੂਰਾ ਪੋਸਤ ਅਤੇ 240 ਨਸ਼ੀਲੀਆਂ ਗੋਲੀਆਂ ਬ੍ਰਾਮਦ ਕਰਵਾਈਆਂ ਗਈਆਂ। ਸ਼ਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 19 ਮੁਕੱਦਮੇ ਦਰਜ ਕਰਕੇ 22 ਮੁਲਜ਼ਮਾਂ ਨੂੰ ਕਾਬੂ ਕਰਕੇ 202.500 ਲੀਟਰ ਸ਼ਰਾਬ ਠੇਕਾ ਦੇਸੀ, 92.250 ਲੀਟਰ ਸ਼ਰਾਬ ਨਾਜਾਇਜ਼ ਅਤੇ 180 ਲੀਟਰ ਲਾਹਣ ਬ੍ਰਾਮਦ ਕਰਵਾਈ ਗਈ। ਇਸ ਤੋਂ ਇਲਾਵਾ ਅਸਲਾ ਐਕਟ ਤਹਿਤ 01 ਮੁਕੱਦਮਾ ਦਰਜ ਕਰ ਕੇ 02 ਮੁਲਜ਼ਮ ਕਾਬੂ ਕੀਤੇ, ਉਨ੍ਹਾਂ ਦੇ ਕਬਜ਼ੇ ਵਿੱਚੋਂ 01 ਪਿਸਟਲ ਅਤੇ 01 ਰੌਂਦ ਬ੍ਰਾਮਦ ਕਰਾਇਆ ਗਿਆ। ਜੂਆ ਐਕਟ ਤਹਿਤ 01 ਮੁਕੱਦਮਾ ਦਰਜ ਕਰ ਕੇ 04 ਮੁਲਜ਼ਮਾਂ ਨੂੰ ਕਾਬੂ ਕਰ ਕੇ 4800/- ਰੁਪਏ ਬ੍ਰਾਮਦ ਕਰਾਏ ਗਏ। ਮਿਤੀ 20.09.2025 ਨੂੰ ਥਾਣਾ ਸਿਟੀ ਧੂਰੀ ਦੇ ਏਰੀਏ ਵਿੱਚ ਲੁੱਟਾਂ/ਖੋਹਾਂ ਕਰਨ ਵਾਲੇ ਗਰੋਹ ਦਾ ਪਰਦਾਫਾਸ਼ ਕਰਦੇ ਹੋਏ 05 ਮੁਲਜ਼ਮ ਗ੍ਰਿਫਤਾਰ ਕਰ ਕੇ 01 ਮੋਟਰਸਾਇਕਲ ਮਾਰਕਾ ਸਪਲੈਂਡਰ, 01 ਰਾਡ ਲੋਹਾ, 01 ਛੋਟੀ ਕਿਰਪਾਨ, 02 ਦਾਹ ਲੋਹਾ, 01 ਖੰਡਾ ਲੋਹਾ ਅਤੇ 01 ਪੇਚਕਸ ਬਰਾਮਦ ਕੀਤਾ ਗਿਆ ਗਿਆ। ਮਿਤੀ 24.09.2025 ਨੂੰ ਥਾਣਾ ਸਿਟੀ ਧੂਰੀ ਦੇ ਏਰੀਆ ਵਿੱਚ ਚੋਰੀਆਂ ਕਰਨ ਵਾਲੇ 02 ਮੁਲਜ਼ਮ ਗ੍ਰਿਫਤਾਰ ਕਰਕੇ 10 ਮੋਟਰਸਾਇਕਲ, 01 ਕਾਰ ਮਾਰਕਾ ਜ਼ੈਨ ਬ੍ਰਾਮਦ ਕੀਤੀ ਗਈ। ਜ਼ਿਲ੍ਹਾ ਪੁਲਿਸ ਮੁਖੀ ਨੇ ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੰਚਾਇਤਾਂ/ਸਪੋਰਟਸ ਕਲੱਬਾਂ/ਮੋਹਤਵਰਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਅਰਸੇ ਦੌਰਾਨ ਵੱਖ ਵੱਖ ਗਜ਼ਿਟਡ ਅਫਸਰਾਂ ਵੱਲੋਂ 37 ਪਿੰਡਾਂ/ਸ਼ਹਿਰਾਂ ਵਿੱਚ ਆਮ ਪਬਲਿਕ ਨਾਲ ਮੀਟਿੰਗਾਂ ਕਰ ਕੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਤੇ ਆਮ ਪਬਲਿਕ ਨੂੰ ਨਸ਼ੇ ਦਾ ਧੰਦਾਂ ਕਰਨ ਵਾਲੇ ਸਮੱਗਲਰਾਂ ਸਬੰਧੀ ਪੁਲਿਸ ਨੂੰ ਇਤਲਾਹਾਂ ਦੇਣ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕੀਤਾ ਜਾ ਸਕੇ। ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਨਸ਼ਿਆਂ ਖਿਲਾਫ ਜੰਗ ਜਾਰੀ ਹੈ।

# ਸਾਉਣੀ ਰੁੱਤ ਦੀ ਮੱਕੀ ਦੀ ਵਾਢੀ ਅਤੇ ਇਸ ਨੂੰ ਸੁਕਾਉਣ ਦੀਆਂ ਵੱਖ-ਵੱਖ ਤਕਨੀਕਾਂ ਸਬੰਧੀ ਸਿਖਲਾਈ ਪ੍ਰੋਗਰਾਮ ਦਾ ਆਯੋਜਨ



**ਸੰਗਰੂਰ ( ਰਣਜੀਤ ਸਿੰਘ ਪੇਧਨੀ )**-ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਸੰਗਰੂਰ ਦੇ ਸਹਿਯੋਗ ਨਾਲ ਕਿਸਾਨ ਮਿੱਤਰਾਂ ਅਤੇ ਪਸਾਰ ਕਰਮਚਾਰੀਆਂ ਲਈ ਸਾਉਣੀ ਰੁੱਤ ਦੀ ਮੱਕੀ ਦੀ ਵਾਢੀ ਅਤੇ ਇਸ ਨੂੰ ਸਕਾਉਣ ਦੀਆਂ ਵੱਖ-ਵੱਖ ਤਕਨੀਕਾਂ ਸਬੰਧੀ ਇੱਕ- ਰੋਜ਼ਾ ਸਿਖਲਾਈ ਕੋਰਸ ਲਗਾਇਆ ਗਿਆ। ਇਸ ਸਿਖਲਾਈ ਪ੍ਰੋਗਰਾਮ ਦੌਰਾਨ ਡਾ ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਸਿਖਿਆਰਥੀਆਂ ਨੂੰ ਸਾਉਣੀ ਰੁੱਤ ਦੌਰਾਨ ਝੋਨੇ ਦੀ ਜਗ੍ਹਾ ਮੱਕੀ ਦੀ ਕਾਸ਼ਤ ਕਰਕੇ ਫ਼ਸਲੀ-ਵਿਭਿੰਨਤਾ ਨੂੰ ਹੁਲਾਰਾ ਦੇਣ ਲਈ ਪ੍ਰੇਰਿਤ ਕੀਤਾ।ਡਾ ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਖੇਤੀਬਾੜੀ ਇੰਜੀਨੀਰਿੰਗ), ਕੇਵੀਕੇ, ਸੰਗਰੂਰ ਨੇ ਮੱਕੀ ਨੂੰ ਸੁਕਾਉਣ ਦੀਆਂ ਵੱਖ- ਵੱਖ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਤਾਂ ਜੋ ਕਿਸਾਨਾਂ ਨੂੰ ਉਹਨਾਂ ਦੇ ਉਤਪਾਦ ਦਾ ਵਾਜਿਬ ਮੁੱਲ ਮਿਲ ਸਕੇ। ਡਾ ਗੁਰਬੀਰ ਕੌਰ, ਸਹਾਇਕ ਪ੍ਰੋਫੈਸਰ (ਪੌਦਾ ਰੋਗ), ਕੇਵੀਕੇ, ਸੰਗਰੂਰ ਨੇ ਪਸਾਰ ਕਰਮਚਾਰੀਆਂ ਅਤੇ ਕਿਸਾਨ ਮਿੱਤਰਾਂ ਨੂੰ ਸਾਉਣੀ ਰੁੱਤ ਦੀ ਮੱਕੀ ਦੀ ਕਾਸ਼ਤ ਦੌਰਾਨ ਵੱਖ-ਵੱਖ ਦਰਪੇਸ਼ ਆਈਆਂ ਕੀੜੇ- ਮਕੌੜਿਆਂ ਅਤੇ ਬਿਮਾਰੀਆਂ ਦੀਆਂ ਸਮੱਸਿਆਵਾਂ ਅਤੇ ਇਹਨਾਂ ਦੇ ਸੁਚੱਜੇ ਹੱਲ ਬਾਰੇ ਜਾਣਕਾਰੀ ਦਿੱਤੀ। ਡਾ. ਰੁਕਿੰਦਰਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫਸਲ ਵਿਗਿਆਨ), ਕੇਵੀਕੇ, ਸੰਗਰੂਰ ਨੇ ਕਿਸਾਨਾਂ ਨੂੰ ਮੱਕੀ ਦੀ ਵਾਢੀ ਅਤੇ ਇਸ ਵਿੱਚ ਆਉਣ ਵਾਲੀਆਂ ਛੋਟੇ ਤੱਤਾਂ ਦੀਆਂ ਕਮੀਆਂ ਅਤੇ ਨਦੀਨ ਪ੍ਰਬੰਧਨ ਬਾਰੇ ਜਾਗਰੂਕ ਕਰਵਾਇਆ।ਅਖੀਰ ਵਿੱਚ ਸਿਖਿਆਰਥੀਆਂ ਵੱਲੋਂ ਪੁੱਛੇ ਸੁਆਲਾਂ ਦੇ ਤਸੱਲੀਬਖ਼ਸ਼ ਢੰਗ ਨਾਲ ਜਵਾਬ ਦਿੱਤੇ ਗਏ। ਸ਼੍ਰੀ ਕਰਨ ਕਾਲੜਾ, ਅਕਾਊਂਟੈਂਟ, ਆਤਮਾ, ਸੰਗਰੂਰ ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਡੇਰਾ ਬਾਬਾ ਨਾਨਕ ਵਿਖੇ ਪਾੜ ਪੂਰ ਰਹੇ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਨੇ 10 ਹਜ਼ਾਰ ਲੀਟਰ ਡੀਜ਼ਲ ਹੋਰ ਦਿੱਤਾ

**ਅੰਮ੍ਰਿਤਸਰ, 27 ਸਤੰਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਮਾਰੇ ਇਲਾਕਿਆਂ ਵਿਚ ਲਗਾਤਾਰ ਸਰਗਰਮੀ ਨਾਲ ਸੇਵਾਵਾਂ ਲਈ ਕਾਜ਼ਰਸੀਲ ਹੈ। ਇਸੇ ਤਹਿਤ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਡੇਰਾ ਬਾਬਾ ਨਾਨਕ ਵਿਖੇ ਧੁੱਸੀ ਟੁੱਟਣ ਨਾਲ ਪਏ ਪਾੜ ਨੂੰ ਪੂਰ ਰਹੇ ਲੋਕਾਂ ਨੂੰ ਮਿਲੇ ਅਤੇ ਮੰਗ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ 10 ਹਜ਼ਾਰ ਲੀਟਰ ਡੀਜ਼ਲ ਹੋਰ ਦੇਣ ਦਾ ਐਲਾਨ ਕੀਤਾ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ 5 ਹਜ਼ਾਰ ਲੀਟਰ ਡੀਜ਼ਲ ਸਹਿਯੋਗ ਲਈ ਦਿੱਤਾ ਗਿਆ ਸੀ। ਇਸ ਮੌਕੇ ਗਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ ਹੈ ਜਿਸ ਕਰਕੇ ਲੋਕਾਂ ਨੂੰ ਸਰਕਾਰਾਂ ਵਾਲੇ ਕੰਮ ਵੀ ਖ਼ੁਦ ਕਰਨੇ ਪੈ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰਾਂ ਕੇਵਲ ਬਿਆਨਬਾਜ਼ੀ ਕਰ ਕੇ ਸਮਾਂ ਲੰਘਾ ਰਹੀਆਂ ਹਨ ਜਦਕਿ ਲੋਕ ਖੁਦ ਬੰਨ ਬੰਨਣ ਦਾ ਕਾਰਜ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪਹਿਲੇ ਦਿਨ ਤੋਂ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਬੰਨਾਂ ਦੀ ਮਜ਼ਬੂਤੀ ਲਈ ਕੰਮ ਕਰ ਰਹੀਆਂ ਸੰਗਤਾਂ ਨੂੰ ਤੇਲ ਮੁਹੱਈਆ ਕਰਵਾਇਆ ਗਿਆ ਹੈ ਉਥੇ ਕਿਸਾਨਾਂ ਲਈ ਕਣਕ ਦੇ ਮਿਆਰੀ ਬੀਜ ਅਤੇ ਡੀਜ਼ਲ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਲੋੜਵੰਦਾਂ ਦੀ ਹਰ ਸੰਭਵ ਮਦਦ ਲਈ ਯਤਨਸ਼ੀਲ ਰਹੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਬੀਬੀ ਜੋਗਿੰਦਰ ਕੌਰ, ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਸਤਨਾਮ ਸਿੰਘ ਗੋਸਲ, ਸ. ਰਣਜੀਤ ਸਿੰਘ ਕਲਿਆਣਪੁਰ ਸਮੇਤ ਹੋਰ ਹਾਜ਼ਰ ਸਨ।

### ਡੇਰਾ ਬਾਬਾ ਨਾਨਕ ਵਿਖੇ ਪਾੜ ਪੂਰ ਰਹੇ ਲੋਕਾਂ ਨੂੰ

# ਸ਼੍ਰੋਮਣੀ ਕਮੇਟੀ ਨੇ 10 ਹਜ਼ਾਰ ਲੀਟਰ ਡੀਜ਼ਲ ਹੋਰ ਦਿੱਤਾ



**ਅੰਮ੍ਰਿਤਸਰ, 27 ਸਤੰਬਰ (ਗੁਰਨਾਮ ਸਿੰਘ ਲਾਲੀ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਮਾਰੇ ਇਲਾਕਿਆਂ ਵਿਚ ਲਗਾਤਾਰ ਸਰਗਰਮੀ ਨਾਲ ਸੇਵਾਵਾਂ ਲਈ ਕਾਜ਼ਰਸੀਲ ਹੈ। ਇਸੇ ਤਹਿਤ ਅੱਜ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਡੇਰਾ ਬਾਬਾ ਨਾਨਕ ਵਿਖੇ ਧੁੱਸੀ ਟੁੱਟਣ ਨਾਲ ਪਏ ਪਾੜ ਨੂੰ ਪੂਰ ਰਹੇ ਲੋਕਾਂ ਨੂੰ ਮਿਲੇ ਅਤੇ ਮੰਗ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ 10 ਹਜ਼ਾਰ ਲੀਟਰ ਡੀਜ਼ਲ ਹੋਰ ਦੇਣ ਦਾ ਐਲਾਨ ਕੀਤਾ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ 5 ਹਜ਼ਾਰ ਲੀਟਰ ਡੀਜ਼ਲ ਸਹਿਯੋਗ ਲਈ ਦਿੱਤਾ ਗਿਆ ਸੀ। ਇਸ ਮੌਕੇ ਗਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਨੂੰ ਆਪਣੇ ਹਾਲ ’ਤੇ ਛੱਡ ਦਿੱਤਾ ਗਿਆ ਹੈ ਜਿਸ ਕਰਕੇ ਲੋਕਾਂ ਨੂੰ ਸਰਕਾਰਾਂ ਵਾਲੇ ਕੰਮ ਵੀ ਖ਼ੁਦ ਕਰਨੇ ਪੈ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰਾਂ ਕੇਵਲ ਬਿਆਨਬਾਜ਼ੀ ਕਰ ਕੇ ਸਮਾਂ ਲੰਘਾ ਰਹੀਆਂ ਹਨ ਜਦਕਿ ਲੋਕ ਖੁਦ ਬੰਨ ਬੰਨਣ ਦਾ ਕਾਰਜ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪਹਿਲੇ ਦਿਨ ਤੋਂ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਬੰਨਾਂ ਦੀ ਮਜ਼ਬੂਤੀ ਲਈ ਕੰਮ ਕਰ ਰਹੀਆਂ ਸੰਗਤਾਂ ਨੂੰ ਤੇਲ ਮੁਹੱਈਆ ਕਰਵਾਇਆ ਗਿਆ ਹੈ ਉਥੇ ਕਿਸਾਨਾਂ ਲਈ ਕਣਕ ਦੇ ਮਿਆਰੀ ਬੀਜ ਅਤੇ ਡੀਜ਼ਲ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਲੋੜਵੰਦਾਂ ਦੀ ਹਰ ਸੰਭਵ ਮਦਦ ਲਈ ਯਤਨਸ਼ੀਲ ਰਹੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਬੀਬੀ ਜੋਗਿੰਦਰ ਕੌਰ, ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਸਤਨਾਮ ਸਿੰਘ ਗੋਸਲ, ਸ. ਰਣਜੀਤ ਸਿੰਘ ਕਲਿਆਣਪੁਰ ਸਮੇਤ ਹੋਰ ਹਾਜ਼ਰ ਸਨ।

**☛ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਖੁਦ ਪਹੁੰਚ ਕੇ ਕੀਤੀ ਹੌਸਲਾ ਅਫ਼ਜ਼ਾਈ ☛ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਮਦਦ ਦਾ ਦਿੱਤਾ ਭਰੋਸਾ**

### ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ

# 1 ਕਰੋੜ 13 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾਣ ਵਾਲੀਆਂ ਦੋ ਸੜਕਾਂ ਦੇ ਰੱਖੇ ਨੀਂਹ ਪੱਥਰ



**ਪਠਾਨਕੋਟ, 27 ਸਤੰਬਰ, (ਆਵਾਜ਼ਿ ਕੌਮ ਬਿਊਰੋ)-** ਅੱਜ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਵਿਧਾਨ ਸਭਾ ਹਲਕਾ ਭੋਆ ਦੇ ਖੇਤਰ ਦੇ ਲੋਕਾਂ ਨੂੰ ਦਿੱਤੀ ਗਈ ਹੈ ਅੱਜ ਵਿਧਾਨ ਸਭਾ ਹਲਕਾ ਭੋਆ ਦੀਆਂ ਦੋ ਸੜਕਾਂ ਦੇ ਨਿਰਮਾਣ ਕਾਰਜ ਸੁਰੂ ਕਰਵਾਏ ਗਏ ਹਨ, ਇਸ ਤੋਂ ਹੋਰ ਵੀ ਸੜਕਾਂ ਦੇ ਨਿਰਮਾਣ ਦੇ ਲਈ ਪੰਜਾਬ ਸਰਕਾਰ ਵੱਲੋਂ ਦਿਲ ਖੋਲ ਕੇ ਫੰਡ ਜਾਰੀ ਕੀਤੇ ਗਏ ਹਨ, ਭਵਿੱਖ ਵਿੱਚ ਬਹੁਤ ਜਲਦੀ ਹੀ ਉਨ੍ਹਾਂ ਸਾਰੀਆਂ ਸੜਕਾਂ ਦਾ ਵੀ ਨਵਨਿਰਮਾਣ ਕੀਤਾ ਜਾਵੇਗਾ ਜੋ ਹੜ੍ਹਾਂ ਦੇ ਨਾਲ ਪ੍ਰਭਾਵਿੱਤ ਹੋਈਆਂ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਦੀਆਂ ਦੋ ਸੜਕਾਂ ਦਾ ਵੱਖ ਵੱਖ ਸਥਾਨਾਂ ਤੇ ਨੀਂਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਬਲਜਿੰਦਰ ਸਿੰਘ ਬੰਟੀ ਜਿਲ੍ਹਾ ਪ੍ਰਧਾਨ ਕਿਸਾਨ ਵਿੰਗ ਪਠਾਨਕੋਟ, ਰੋਸਨ ਭਗਤ ਜਿਲ੍ਹਾ ਪ੍ਰਧਾਨ ਐਸ.ਸੀ. ਵਿੰਗ ਪਠਾਨਕੋਟ, ਹੈਪੀ ਸਰਪੰਚ ਨਵਾਲਾ, ਰਵੀ ਕੁਮਾਰ ਬਲਾਕ ਪ੍ਰਧਾਨ, ਸੰਜੀਵ ਮੀਡਿਆ ਇੰਚਾਰਜ, ਪਰਮਜੀਤ ਸਰਪੰਚ ਫੂਲਪੁਰ, ਕੁਲਜੀਤ ਸੈਣੀ ਮੀਡਿਆ ਇੰਚਾਰਜ, ਪਰਦੀਪ ਐਕਸੀਅਨ ਲੋਕ ਨਿਰਮਾਣ ਵਿਭਾਗ, ਰਜਿੰਦਰ ਕੁਮਾਰ ਐਸ.ਡੀ.ਓ. ਲੋਕ ਨਿਰਮਾਣ ਵਿਭਾਗ, ਕੁਲਦੀਪ ਭਟੋਆ ਬਲਾਕ ਪ੍ਰਧਾਨ, ਤਰਸੇਮ ਲਾਲ ਨੰਬਰਦਾਰ, ਵਿਜੈ ਕੁਮਾਰ, ਰਾਕੇਸ ਕੁਮਾਰ, ਗੁਰਚਰਨ, ਬੰਸੀ ਲਾਲ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜਰ ਸਨ। ਇਸ ਮੋਕੇ ਤੇ ਜਾਣਕਾਰੀ ਦਿੰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਹੜ੍ਹਾਂ ਦੇ ਨਾਲ ਵਿਧਾਨ ਸਭਾ ਹਲਕਾ ਭੋਆ ਦੀਆਂ ਕਾਫੀ ਸੜਕਾਂ ਪ੍ਰਭਾਵਿੱਤ ਹੋਈਆਂ ਹਨ ਅਤੇ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਵੱਲੋਂ ਸੜਕਾਂ ਦੀ ਹਾਲਤ ਨੂੰ ਵੇਖਦਿਆਂ ਫੰਡ ਵੀ ਜਾਰੀ ਕੀਤੇ ਹਨ ਜਲਦੀ ਹੀ ਸਾਰੀਆਂ ਸੜਕਾਂ ਦਾ ਨਵਨਿਰਮਾਣ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਵੀ ਵਿਧਾਨ ਸਭਾ ਹਲਕਾ ਭੋਆ ਦੀਆਂ ਦੋ ਸੜਕਾ ਪਹਿਲੀ ਸੜਕ ਜੋ ਪਿੰਡ ਰਹੀਮਪੁਰ ਤੋਂ ਫੂਲਪੁਰ -ਨੰਗਲ ਫਰੀਦਾ ਤੱਕ ਅਤੇ ਦੂਸਰੀ ਮਾਰਗ ਜੋ ਤਾਰਾਗੜ੍ਹ ਤੋਂ ਭਟੋਆ-ਰਤਨਗੜ੍ਹ ਤੱਕ ਕਰੀਬ 5 ਕਿਲੋਮੀਟਰ ਦੀ ਲੰਬਾਈ ਦੀਆਂ ਇਨ੍ਹਾਂ ਸੜਕਾਂ ਦੇ ਨੀਂਹ ਪੱਥਰ ਰੱਖੇ ਗਏ ਹਨ । ਉਨ੍ਹਾਂ ਦੱਸਿਆ ਕਿ ਇਨ੍ਹਾਂ ਸੜਕਾਂ ਦੇ ਨਵਨਿਰਮਾਣ ਤੇ ਕਰੀਬ 1 ਕਰੋੜ 13 ਲੱਖ ਰੁਪਏ ਖਰਚ ਕੀਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦਾ ਨਿਰਮਾਣ ਲੰਮੇ ਸਮੇਂ ਤੋਂ ਨਹੀਂ ਹੋਇਆ ਸੀ ਅਤੇ ਅੱਜ ਸੜਕਾਂ ਦੇ ਨਿਰਮਾਣ ਕਾਰਜ ਨਾਲ ਲੋਕਾਂ ਵਿੱਚ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਅੰਦਰ ਹੜ੍ਹਾਂ ਨੇ ਸੜਕਾਂ ਨੂੰ ਪ੍ਰਭਾਵਿੱਤ ਕੀਤਾ ਉਨ੍ਹਾਂ ਸੜਕਾਂ ਦੀ ਰਿਪੇਅਰ ਦੇ ਲਈ, ਨਵਨਿਰਮਾਣ ਦੇ ਲਈ ਆਦਿ ਲਈ ਪੰਜਾਬ ਸਰਕਾਰ ਵੱਲੋਂ ਯੋਜਨਾ ਤਿਆਰ ਕੀਤੀ ਗਈ ਹੈ ਅਤੇ ਜਲਦੀ ਹੀ ਲੋਕਾਂ ਨੂੰ ਚੰਗੇ ਮਾਰਗ ਮਿਲ ਸਕਣਗੇ ਤਾਂ ਜੋ ਲੋਕਾਂ ਨੂੰ ਆਵਾਜਾਈ ਦੇ ਲਈ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਸਦਰ ਬਾਜ਼ਾਰ ਟ੍ਰੈਫਿਕ ਜਾਮ ਸਬੰਧੀ ਵਪਾਰੀਆਂ ਅਤੇ ਟ੍ਰੈਫਿਕ ਪੁਲਿਸ ਅਧਿਕਾਰੀਆਂ ਵਿਚਕਾਰ ਮੀਟਿੰਗ



**ਨਵੀਂ ਦਿੱਲੀ 27 ਸੰਤਬਰ (ਮਨਪ੍ਰੀਤ ਸਿੰਘ ਖਾਲਸਾ):-** ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ, ਡੀਸੀਪੀ ਟ੍ਰੈਫਿਕ ਸੈਂਟਰ ਰੇਂਜ ਨਿਸ਼ਾਂਤ ਗੁਪਤਾ ਨੇ ਟ੍ਰੈਫਿਕ ਮੁੱਦਿਆਂ ’ਤੇ ਚਰਚਾ ਕਰਨ ਲਈ ਵਪਾਰੀਆਂ ਨਾਲ ਇੱਕ ਮੀਟਿੰਗ ਬੁਲਾਈ। ਇੰਸਪੈਕਟਰ ਸੁਧੀਰ ਟੀਆਈ, ਐਸਬੀਸੀ ਨੇ ਕਈ ਟ੍ਰੈਫਿਕ ਅਧਿਕਾਰੀਆਂ ਅਤੇ ਵਪਾਰਕ ਆਗੂਆਂ ਦੇ ਨਾਲ, ਜਿਨ੍ਹਾਂ ਵਿੱਚ ਸਦਰ ਬਾਜ਼ਾਰ ਬਰੀ ਮਾਰਕੀਟ ਵਪਾਰੀ ਐਸੋਸੀਏਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ, ਆਜ਼ਾਦ ਮਾਰਕੀਟ ਕਰੌਕਰੀ ਮਾਰਕੀਟ ਦੇ ਟੋਨੀ, ਆਜ਼ਾਦ ਮਾਰਕੀਟ ਦੇ ਪ੍ਰਧਾਨ ਨਰੇਸ਼ ਮਹਾਜਨ ਅਤੇ ਵਪਾਰ ਆਗੂ ਹਰਜੀਤ ਸਿੰਘ ਛਾਬੜਾ ਸ਼ਾਮਲ ਹਨ, ਨੇ ਕਈ ਹੋਰ ਵਪਾਰੀਆਂ ਦੇ ਨਾਲ, ਡੀਸੀਪੀ ਨੂੰ ਸਦਰ ਬਾਜ਼ਾਰ ਅਤੇ ਆਜ਼ਾਦ ਮਾਰਕੀਟ ਵਿੱਚ ਟ੍ਰੈਫਿਕ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ’ਤੇ ਪਰਮਜੀਤ ਸਿੰਘ ਪੰਮਾ ਨੇ ਡੀਸੀਪੀ ਨਿਸ਼ਾਂਤ ਗੁਪਤਾ ਨੂੰ ਦੱਸਿਆ ਕਿ ਐਮਸੀਡੀ ਨੇ ਸਦਰ ਬਾਜ਼ਾਰ ਪੁਲਿਸ ਸਟੇਸ਼ਨ ਤੋਂ 12 ਟੂਟੀ ਚੌਕ ਤੱਕ ਪਾਰਕਿੰਗ ਦਾ ਪ੍ਰਬੰਧ ਕੀਤਾ ਹੈ, ਜਿੱਥੇ ਵਾਹਨਾਂ ਦੀਆਂ ਦੋ ਜਾਂ ਤਿੰਨ ਲਾਈਨਾਂ ਖੜ੍ਹੀਆਂ ਹੁੰਦੀਆਂ ਹਨ, ਜਿਸ ਕਾਰਨ ਰੋਜ਼ਾਨਾ ਟ੍ਰੈਫਿਕ ਜਾਮ ਹੁੰਦਾ ਹੈ। ਇਸ ਤੋਂ ਇਲਾਵਾ, ਈ-ਰਿਕਸ਼ਾ ਸਦਰ ਬਾਜ਼ਾਰ ਅਤੇ ਆਜ਼ਾਦ ਮਾਰਕੀਟ ਦੇ ਸਾਰੇ ਚੌਰਾਹਿਆਂ ਨੂੰ ਰੋਕਦੇ ਹਨ। ਉਨ੍ਹਾਂ ਡੀਸੀਪੀ ਨੂੰ ਬੇਨਤੀ ਕੀਤੀ ਕਿ ਉਹ ਵਿਅਸਤ ਸਮਾਂ, ਮਿਠਾਈ ਪੁਲ ਚੌਕ, ਬਾਰਾ ਟੂਟੀ, ਸਦਰ ਪੁਲਿਸ ਸਟੇਸ਼ਨ, ਕੁਤੁਬ ਰੋਡ ਅਤੇ ਤੇਲੀਵਾੜਾ ਵਿਖੇ ਸਵੇਰੇ 9:00 ਵਜੇ ਤੋਂ 11:00 ਵਜੇ ਅਤੇ ਸ਼ਾਮ 6:00 ਵਜੇ ਤੋਂ 9:00 ਵਜੇ ਤੱਕ ਟ੍ਰੈਫਿਕ ਪੁਲਿਸ ਦੀ ਮੌਜੂਦਗੀ ਨੂੰ ਯਕੀਨੀ ਬਣਾਉਣ। ਇਸ ਨਾਲ ਭਵਿੱਖ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ। ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਆਉਣ ਵਾਲੇ ਤਿਉਹਾਰਾਂ ਕਾਰਨ ਬਾਜ਼ਾਰਾਂ ਵਿੱਚ ਖਰੀਦਦਾਰਾਂ ਦੀ ਭੀੜ ਵਧੇਗੀ। ਇਸ ਨੂੰ ਹੱਲ ਕਰਨ ਲਈ ਹੋਰ ਟ੍ਰੈਫਿਕ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ। ਇਸ ਮੌਕੇ ਡੀਸੀਪੀ ਨਿਸ਼ਾਂਤ ਗੁਪਤਾ ਨੇ ਵਪਾਰੀਆਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਜਲਦੀ ਹੱਲ ਕਰਨਗੇ ਅਤੇ ਦੁਸਹਿਰੇ ਤੋਂ ਬਾਅਦ ਬਾਜ਼ਾਰ ਵਿੱਚ ਹੋਰ ਟ੍ਰੈਫਿਕ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਵਪਾਰੀਆਂ ਨੂੰ ਸੜਕਾਂ ’ਤੇ ਆਪਣੇ ਵਾਹਨ ਨਾ ਖੜ੍ਹੇ ਕਰਨ ਦੀ ਵੀ ਅਪੀਲ ਕੀਤੀ ਅਤੇ ਉਹ ਸਵੇਰੇ ਅਤੇ ਸ਼ਾਮ ਨੂੰ ਹਰ ਚੌਰਾਹੇ ’ਤੇ ਟ੍ਰੈਫਿਕ ਅਧਿਕਾਰੀ ਤਾਇਨਾਤ ਕਰਨਗੇ।

# ਵਿਧਾਨ ਸਭਾ ਦੇ ਚੱਲ ਰਹੇ ਸ਼ੈਸਨ ਦੌਰਾਨ ਸਾਰਥਿਕ ਬਹਿਸ ਯਕੀਨੀ ਬਣਾਵੇ ਸੱਤਾਧਿਰ- ਜੀਤਮਹਿੰਦਰ ਸਿੱਧੂ



**ਤਲਵੰਡੀ ਸਾਬੋ, 27 ਸਤੰਬਰ (ਗੁਰਜੰਟ ਸਿੰਘ ਨਥੇਹਾ)-** ਪੰਜਾਬ ਵਿਧਾਨ ਸਭਾ ਦੇ ਚੱਲ ਰਹੇ ਸ਼ੈਸਨ ਦੌਰਾਨ ਸੱਤਾਧਿਰ ਆਮ ਆਦਮੀ ਪਾਰਟੀ ਨੂੰ ਸਾਰਥਿਕ ਬਹਿਸ ਯਕੀਨੀ ਬਣਾਉਣੀ ਚਾਹੀਦੀ ਹੈ ਕਿਉਂਕਿ ਪਿਛਲੇ ਦਿਨਾਂ ’ਚ ਦੇਖਣ ਨੂੰ ਮਿਲ ਰਿਹੈ ਕਿ ਪਵਿੱਤਰ ਸਦਨ ਨੂੰ ਵੀ ਸੱਤਾਧਿਰ ਆਗੂਆਂ ਨੇ ਜਾਂ ਤਾਂ ਕਾਮੇਡੀ ਦਾ ਮੈਦਾਨ ਬਣਾ ਰੱਖਿਆ ਹੈ ਜਾਂ ਫਿਰ ਵਿਰੋਧੀ ਧਿਰਾਂ ਤੇ ਬੇਬੁਨਿਆਦ ਇਲਜ਼ਾਮਤਰਾਸ਼ੀਆਂ ਦਾ ਦੌਰ ਆਰੰਭਿਆ ਹੋਇਆ ਹੈ ਜੋ ਕਿਸੇ ਤਰ੍ਹਾਂ ਵੀ ਸੂਬੇ ਦੇ ਹਿਤ ’ਚ ਨਹੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਲੋਕ ਸਭਾ ਇੰਚਾਰਜ ਤੇ ਹਲਕੇ ਦੇ ਚਾਰ ਵਾਰ ਵਿਧਾਇਕ ਰਹਿ ਚੁੱਕੇ ਜੀਤਮਹਿੰਦਰ ਸਿੰਘ ਸਿੱਧੂ ਨੇ ਗੱਲਬਾਤ ਦੌਰਾਨ ਕੀਤਾ। ਸਿੱਧੂ ਜੋ ਪਿੰਡ ਨਥੇਹਾ ’ਚ ਕਿਸੇ ਪਰਿਵਾਰ ਦੇ ਗਮ ’ਚ ਸ਼ਰੀਕ ਹੋਣ ਆਏ ਸਨ ਨੇ ਬਾਅਦ ’ਚ ਗੱਲਬਾਤ ਕਰਦਿਆਂ ਕਿਹਾ ਕਿ ਵਿਰੋਧੀ ਧਿਰਾਂ ਵੱਲੋਂ ਚੁੱਕੇ ਜਾਂਦੇ ਮੁੱਦਿਆਂ ਤੇ ਤੱਥਾਂ ਸਹਿਤ ਜਵਾਬ ਦੇਣ ਦੀ ਵਜਾਏ ਸੱਤਾਧਿਰ ਆਗੂਆਂ ਨੇ ਵਿਧਾਨ ਸਭਾ ’ਚ ਇਲਜ਼ਾਮ ਤਰਾਸ਼ੀਆਂ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ ਜਿਸਨੂੰ ਦੇਖਕੇ ਲੱਗਦਾ ਹੈ ਕਿ ਜਿਵੇਂ ਇਸ ਸਰਕਾਰ ਦੇ ਆਗੂਆਂ ਨੂੰ ਵਿਧਾਨ ਸਭਾ ਦੀ ਮਰਿਯਾਦਾ ਦਾ ਪਤਾ ਹੀ ਨਹੀ ਹੈ। ਸਿੱਧੂ ਨੇ ਕਿਹਾ ਕਿ ਜਦੋਂ ਵੀ ਵਿਧਾਨ ਸਭਾ ਸ਼ੈਸਨ ਹੁੰਦਾ ਹੈ ਤਾਂ ਸੂਬੇ ਦੀ ਆਵਾਮ ਦੀ ਨਜ਼ਰ ਇਸ ਗੱਲ ਤੇ ਹੁੰਦੀ ਹੈ ਕਿ ਵਿਰੋਧੀ ਧਿਰ ਕਿਹੜੇ ਲੋਕ ਪੱਖੀ ਮੁੱਦੇ ਉਠਾਉਂਦੀ ਹੈ ਤੇ ਸੱਤਾਧਿਰ ਕੀ ਜਵਾਬ ਦਿੰਦੀ ਹੈ ਪਰ ਹੁਣ ਤਾਂ ਹਾਲਾਤ ਇਹ ਨੇ ਕਿ ਜੇਕਰ ਵਿਰੋਧੀ ਧਿਰ ਦਾ ਕੋਈ ਨੁਮਾਇੰਦਾ ਕਿਸੇ ਜਨਤਕ ਮੁੱਦੇ ਤੇ ਬਹਿਸ ਦੀ ਗੱਲ ਕਰਦਾ ਹੈ ਤਾਂ ਵਿਧਾਨ ਸਭਾ ਦੀ ਕਾਰਵਾਈ ਰੌਲੇ ਰੱਪੇ ਦੀ ਭੇਟ ਚੜ੍ਹਾ ਦਿੱਤੀ ਜਾਂਦੀ ਹੈ ਜੋ ਮੰਦਭਾਗਾ ਵਰਤਾਰਾ ਹੈ। ਸਿੱਧੂ ਨਾਲ ਇਸ ਮੌਕੇ ਸੀ. ਕਾਂਗਰਸੀ ਆਗੂ ਸੁਖਬੀਰ ਸਿੰਘ ਚੱਠਾ, ਮਨਜੀਤ ਸਿੰਘ ਲਾਲੇਆਣਾ ਹਲਕਾ ਪ੍ਰਧਾਨ ਜੱਟਮਹਾਂ ਸਭਾ, ਡੂੰਗਰ ਸੀਂਗੋ, ਹਰਦੇਵ ਸਿੰਘ ਫੌਜੀ ਸਾਬਕਾ ਸਰਪੰਚ ਨੰਗਲਾ, ਸੁਰਜੀਤ ਸ਼ਰਮਾ ਜਗਾ ਰਾਮ ਤੀਰਥ, ਸੁੱਖੀ ਮੈਨੂੰਆਣਾ, ਜਸਪਾਲ ਸਿੰਘ ਭਗਵਾਨਪੁਰਾ, ਬੂਟਾ ਸਿੰਘ ਮਿਰਜ਼ੇਆਣਾ, ਹਰਪਾਲ ਗਿੱਲ ਗਾਟਵਾਲੀ, ਬਿੰਦਰ ਸਿੰਘ ਨਥੇਹਾ, ਸੁਖਦੇਵ ਸਿੰਘ ਰੰਧਾਵਾ, ਆਦਿ ਆਗੂ ਮੌਜੂਦ ਨਜ਼ਰ ਆਏ।


ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## 350 ਸਾਲਾਂ ਸ਼ਤਾਬਦੀ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਦਿਨ ਐਤਵਾਰ 19 ਅਕਤੂਬਰ 2025

ਸ਼ਹੀਦੀ ਦਿਹਾੜਾ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ

ਨਗਰ ਕੀਰਤਨ ਦੀ ਆਰੰਭਤਾ ਸਮਾਂ 12:00 ਤੋਂ ਸ਼ਾਮ 5 ਵਜੇ ਪਿੰਡ ਕਾਜ਼ਲਮੋਰਾਨੋ ਵਿਚ ਹੀ ਸਮਾਪਤੀ ਹੋਵੇਗੀ।

ਸ਼ਨਿੱਚਰਵਾਰ 18 ਅਕਤੂਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ।

ਐਤਵਾਰ 19 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:00 ਵਜੇ ਤੱਕ ਦੀਵਾਨ ਸਜਣਗੇ।

ਕੀਰਤਨੀ ਜਥਾ ਰਾਗੀ ਭਾਈ ਗੁਰਸ਼ਰਨ ਸਿੰਘ ਜੀ ਯੂ ਕੇ ਵਾਲੇ , ਕਥਾ ਵਾਚਕ , ਕਵੀਸ਼ਰੀ ਜਥਾ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।


★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260


ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥







ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ



# 29ਵਾਂ ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

## ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ

ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।



## 1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404



ਆਵਾਜ਼ਿ ਕੌਮ AWAZE QAUM International Newspaper & WEB TV